ਸੰਪਾਦਕੀ

# ਕਿਤਾਬਾਂ ਦਾ ਧੜਾ ਧੜ ਛਪਣਾ

ਕਲਮ ਦੇ ਹੋਰ ਖੇਤਰਾਂ ਵਾਂਗ ਸਾਹਿਤ ਦੇ ਖੇਤਰ ਵਿੱਚ ਕਿਤਾਬਾਂ ਦਾ ਆਪਣਾ ਹੀ ਮਹੱਤਵ ਹੈ। ਪੁਸਤਕਾਂ ਸੁਹਿਰਦ ਸਾਥੀ ਹਨ ਜੋ ਕਦੇ ਵੀ ਧੋਖਾ ਨਹੀਂ ਦਿੰਦੀਆਂ। ਪਰ ਅੱਜ ਦਾ ਸਾਹਿਤਕ ਪਾਠਕ ਮਿਆਰੀ ਸਾਹਿਤ ਦੀ ਮੰਗ ਕਰਦਾ ਹੈ।

ਇਹ ਸੱਚ ਹੈ ਕਿ ਨਵੇਂ ਅਤੇ ਪ੍ਰੋੜ੍ਹ ਲੇਖਕਾਂ ਦੀ ਕਲਮ ਵਿੱਚ ਨਿਖੇੜਾ ਸਪੱਸ਼ਟ ਨਜ਼ਰ ਆ ਜਾਂਦਾ ਹੈ। ਪਰ ਨਵੇਂ ਲੇਖਕ ਵਿੱਚ ਠਾਠਾਂ ਮਾਰ ਰਿਹਾ ਉਤਸ਼ਾਹ ਉਸ ਨੂੰ ਪੁਸਤਕ ਛਪਵਾਉਣ ਵੱਲ ਤੋਰ ਦਿੰਦਾ ਹੈ। ਅਜਿਹੇ ਨਵੇਂ ਲੇਖਕਾਂ ਦੀ ਗਿਣਤੀ ਬਹੁਤ ਥੋੜ੍ਹੀ ਹੁੰਦੀ ਹੈ ਜੋ ਆਪਣੀ ਪਲੇਠੀ ਪੁਸਤਕ ਦੇ ਖਰੜੇ ਨੂੰ ਸਥਾਪਤ ਲੇਖਕ ਦੀ ਨਜ਼ਰ ਵਿੱਚੋਂ ਕਢਵਾਉਂਦੇ ਹਨ। ਜ਼ਿਆਦਾਤਰ ਲੇਖਕਾਂ ਦੀ ਤਾਂਘ ਹੁੰਦੀ ਹੈ ਕਿ ਪੁਸਤਕ ਜਲਦੀ ਛਪ ਜਾਏ ਅਤੇ ਉਸ ਦਾ ਨਾਂ ਵੀ ਪੁਸਤਕ ਰਚੇਤਾਵਾਂ ਦੀ ਸੂਚੀ ਵਿੱਚ ਸ਼ਾਮਲ ਹੋ ਜਾਵੇ। ਤਰਲੇ ਮਿੰਨਤਾਂ ਕਰਕੇ ਉਹ ਕਿਸੇ ਹੰਢੇ ਵਰਤੇ ਲੇਖਕ ਪਾਸੋਂ ਮੁੱਖ ਬੰਦ ਲਿਖਵਾ ਲੈਂਦਾ ਹੈ ਅਤੇ ਪੁਸਤਕ ਰਿਲੀਜ਼ ਸਮਾਗਮਾ ਦੀ ਤਿਆਰੀ 'ਢੋਲ 'ਤੇ ਡਗੇ' ਵਾਂਗ ਆਰੰਭ ਹੋ ਜਾਂਦੀ ਹੈ। ਪਰਿਵਾਰਕ ਮੈਂਬਰਾਂ, ਰਿਸ਼ਤੇਦਾਰਾਂ ਅਤੇ ਸਾਹਿਤਕ ਸੰਸਥਾਵਾਂ ਦੇ ਕਰਤਾ ਧਰਤਾ ਲੋਕਾਂ ਨੂੰ ਸੱਦਿਆ ਜਾਂਦਾ ਹੈ ਅਤੇ ਸਮੁੱਚਾ ਮਾਹੌਲ ਵਿਆਹ ਵਰਗਾ ਹੋ ਜਾਂਦਾ ਹੈ। ਫੋਟੋਗ੍ਰਾਫਰਾਂ ਅਤੇ ਕੁਝ ਚੈਨਲਾਂ ਵਾਲੇ ਵੀ ਆਪਣੇ ਕਾਰਜ ਨੂੰ ਸਿੱਧ ਕਰਨ ਹਿੱਤ ਸਰਗਰਮੀ ਵਿਖਾਉਂਦੇ ਹਨ। ਆਲੀਸ਼ਾਨ ਚਾਹ ਅਤੇ ਮਹਿੰਗੇ ਲੰਚ ਦਾ ਪ੍ਰਬੰਧ ਕੀਤਾ ਜਾਂਦਾ ਹੈ। ਸਥਾਪਤ ਲੇਖਕਾਂ ਨੂੰ ਲੋਈਆਂ ਨਾਲ ਸਨਮਾਨਿਤ ਕੀਤਾ ਜਾਂਦਾ ਹੈ। ਇਲਾਕੇ ਦੇ ਕਿਸੇ ਚੌਧਰੀ ਪਾਸੋਂ ਪੁਸਤਕ ਰਿਲੀਜ਼ ਕਰਵਾ ਕੇ ਹਾਜ਼ਰੀਨ ਨੂੰ ਧੰਨਵਾਦ ਸਹਿਤ ਭੇਂਟ ਕਰ ਦਿੱਤੀ ਜਾਂਦੀ ਹੈ। ਵਿਸ਼ੇਸ਼ ਪਹੁੰਚ ਕਰਕੇ ਕਈ ਅਖ਼ਬਾਰਾਂ-ਰਸਾਲਿਆਂ ਵਿੱਚ ਰਿਵੀਊ ਲਗਵਾਏ ਜਾਂਦੇ ਹਨ ਅਤੇ ਲੇਖਕ ਦੀ 'ਬੱਲੇ ਬੱਲੇ' ਹੋ ਜਾਂਦੀ ਹੈ। ਪਹਿਲੀ ਪੁਸਤਕ ਅਜੇ ਚਰਚਾ ਤੋਂ ਸੱਖਣੀ ਹੀ ਹੁੰਦੀ ਹੈ ਤਾਂ ਲੇਖਕ ਦੀ ਦੂਸਰੀ ਪੁਸਤਕ ਵੀ ਛਪ ਕੇ ਮਾਰਕੀਟ ਵਿੱਚ ਆ ਜਾਂਦੀ ਹੈ। ਗੋਸ਼ਟੀ ਸਮਾਰੋਹ ਦਾ ਵਿਚਾਰ ਤਾਂ ਆਉਂਦਾ ਹੈ ਪਰ ਜੇਬ ਵਿਚਲੇ ਪਰਸ ਦੀ ਹਾਲਤ ਪਾਣੀਓਂ ਪਤਲੀ ਹੋ ਜਾਂਦੀ ਹੈ। ਲੇਖਕ ਖਿੱਝਦਾ ਹੈ ਕਿ ਪੁਸਤਕ ਨੂੰ ਪੜ੍ਹਿਆ ਨਹੀਂ ਜਾ ਰਿਹਾ ਜਾਂ ਇਸ ਸਬੰਧੀ ਕਿਸੇ ਪਾਠਕ ਦਾ ਪੱਤਰ ਜਾ ਫ਼ੋਨ ਨਹੀਂ ਆਇਆ। ਅਜਿਹੀਆਂ ਪੁਸਤਕਾਂ ਆਵਾਗਵਣ ਦੇ ਚੱਕਰ 'ਚ ਹੀ ਰਹਿੰਦੀਆਂ ਹਨ। ਚਾਹੀਦਾ ਹੈ ਕਿ ਲੇਖਕ ਪੁਸਤਕ ਛਪਵਾਉਣ ਸਬੰਧੀ ਕਾਹਲ ਨਾ ਕਰੇ ਸਗੋਂ ਜਿਸ ਵਿਧਾ ਵਿੱਚ ਉਹ ਰਚਨਾ ਕਰ ਰਿਹਾ ਹੈ, ਉਸ ਵਿਧਾ ਨਾਲ ਸਬੰਧਤ ਕਿਸੇ ਬਹੁਤ ਹੀ ਚਰਚਿਤ ਪ੍ਰਭਾਵਸ਼ਾਲੀ ਪੁਸਤਕ ਦਾ ਗੰਭੀਰ ਪਾਠ ਕਰੇ। ਇਸ ਤਰ੍ਹਾਂ ਕਰਨ ਨਾਲ ਉਹ ਕਲਮੀ ਦੁਨੀਆਂ ਨੂੰ ਮਿਆਰੀ ਪੁਸਤਕ ਵੀ ਦੇ ਸਕੇਗਾ ਅਤੇ ਸਾਹਿਤਕ ਪ੍ਰਦੂਸ਼ਣ ਘੱਟ ਕਰਨ ਵਿੱਚ ਯੋਗਦਾਨ ਵੀ ਪਾ ਸਕੇਗਾ।

ਸੰਪਾਦਕੀ ਮੰਡਲ

***



*ਕਹਾਣੀ*

# ਚੁੱਪ ਦੀ ਸਾਜਿਸ਼

**ਡਾ. ਕਰਮਜੀਤ ਸਿੰਘ ਨਡਾਲਾ**



ਬੱਸ ਅੱਡਾ ਤੇ ਬੱਸਾਂ ਹੀ ਬੱਸਾਂ। ਕਾਵਾਂ ਰੌਲੀ ਪਈ ਹੋਈ। ਝੋਲੇ ਚੁੱਕੀ ਹੋਕੇ ਦੇਂਦੇ ਕੰਡਕਟਰ। ਕੰਨ ਪਾੜਵੇਂ ਵੰਨ-ਸਵੰਨੇ ਹਾਰਨ। ਬੱਸਾਂ ਭਰੀਆਂ ਆਉਂਦੀਆਂ, ਖਾਲੀ ਹੁੰਦੀਆਂ। ਫੇਰ ਭਰ ਜਾਂਦੀਆਂ। ਲੋਕਾਂ ਦੇ ਕਦਮਾਂ 'ਚ ਬਿਜਲੀ ਵਰਗੀ ਤੇਜ਼ੀ। ਮੈਂ ਆਲਾ-ਦੁਆਲਾ ਤੱਕ ਰਿਹਾਂ। ਜਿਵੇਂ ਮੇਰੀਆਂ ਅੱਖਾਂ ਅੱਗੇ ਕੋਈ ਫਿਲਮ ਚੱਲ ਰਹੀ ਹੋਵੇ।

ਮੇਰੇ ਰੂਟ ਵਾਲੀ ਬੱਸ ਵੀ ਕਾਊਂਟਰ 'ਤੇ ਲੱਗੀ ਹੋਈ। ਡਰਾਈਵਰ ਨੇ ਬਾਰੀ ਖੋਲ੍ਹੀ। ਮੋਢੇ ਵਾਲਾ ਪਰਨਾ ਸੀਟ 'ਤੇ ਫੇਰਿਆ। ਪਿੱਛੇ ਨੂੰ ਧੌਣ ਘੁਮਾ ਕੇ ਸੁਆਰੀਆਂ ਵੱਲ ਝਾਤੀ ਮਾਰੀ। ਜਿਵੇਂ ਕੋਈ ਸ਼ਿਕਾਰੀ, ਸ਼ਿਕਾਰ ਭਾਲ ਰਿਹਾ ਹੋਵੇ। ਕੁਝ ਸੀਟਾਂ ਅਜੇ ਖਾਲੀ ਸਨ। ਮੈਂ ਇੱਧਰ-ਉੱਧਰ ਝਾਤੀ ਮਾਰ ਰਿਹਾਂ। ਇਕ ਕੁੜੀ ਇਕੱਲੀ ਬੈਠੀ ਹੋਈ। ਬੈਠ ਜਾਵਾਂ। ਪਰ ਮੈਂ ਅਗਾਂਹ ਲੰਘ ਗਿਆ। ਮੈਂ ਜਿਸ ਵੀ ਸੀਟ 'ਤੇ ਬੈਠਣ ਦੀ ਕੋਸ਼ਿਸ਼ ਕਰਦਾ, ਉੱਥੇ ਦੇ ਸ਼ੀਸ਼ੇ ਪੂਰੀ ਤਰ੍ਹਾਂ ਟੁੱਟੇ-ਭੱਜੇ। ਮੈਂ ਇਕਦਮ ਵਾਪਸ ਮੁੜਿਆ ਤੇ ਉਸੇ ਸੀਟ 'ਤੇ ਸੰਗਦਾ-ਸੰਗਦਾ ਬੈਠ ਗਿਆ।

ਕੁੜੀ ਸ਼ੀਸ਼ੇ ਵਾਲੇ ਪਾਸੇ ਬੈਠੀ ਸੀ। ਮੈਂ ਸੋਚ ਰਿਹਾ ਸਾਂ, ਕੁੜੀ ਤੇ ਬਾਕੀ ਸਵਾਰੀਆਂ ਮੇਰੇ ਬਾਰੇ ਕੀ ਸੋਚਦੀਆਂ ਹੋਣਗੀਆਂ। ਐਨੀਆਂ ਸੀਟਾਂ ਛੱਡ ਕੇ ਸਿਰਫ਼ ਕੁੜੀ ਕਰਕੇ ਇੱਥੇ ਬੈਠ ਗਿਐ। ਜਿਵੇਂ ਮੇਰੇ ਆਪਣੇ ਹੀ ਚਾਲ-ਚਲਣ ਦਾ ਪਰਦਾ ਫਾਸ਼ ਹੋ ਗਿਆ ਲੱਗਿਆ। ਕਿਉਂਕਿ ਸ਼ੀਸ਼ਾ ਤਾਂ ਉੱਥੋ ਦਾ ਵੀ ਕਰੈਕ ਸੀ।

ਚਲੋ ਖ਼ੈਰ ਮੈਂ 'ਕੱਠਾ ਜਿਹਾ ਹੋ ਕੇ ਸਿਰ ਸੁੱਟ ਕੇ ਬੈਠਾ ਸਾਂ। ਠੰਡ ਬੜੀ ਸੀ। ਪਰ ਕੁੜੀ ਵਾਲੇ ਪਾਸਿਓਂ ਸੈਂਟ ਦੀ ਮਹਿਕ ਆ ਰਹੀ। ਜਿਵੇਂ ਉਹ ਬੱਸ ਨੂੰ ਚਾਰ ਚੰਨ ਲਾ ਰਹੀ ਹੋਵੇ। ਜਿਸ ਦੇ ਕੋਲ ਬੈਠਾਂ ਮੈਂ ਵੀ ਚੰਨ ਬਣ ਰਿਹਾ ਸਾਂ। ਕੰਡਕਟਰ ਨੇ ਇੱਕ ਲੰਬੀ ਵਿਸਲ ਮਾਰੀ ਤੇ ਬਸ ਗਰਰ-ਗਰਰ ਕਰਦੀ ਸਟਾਰਟ ਹੋ ਗਈ। ਇੱਕ ਵਾਰ ਤਾਂ ਜਿਵੇਂ ਸਾਰੀ ਦੀ ਸਾਰੀ ਕੰਬਣ ਲੱਗ ਪਈ ਹੋਵੇ। ਬੱਸ ਨੇ ਸਲੰਸਰ 'ਚੋਂ ਕਾਲਾ ਧੂੰਆਂ ਕੱਢਿਆ ਤੇ ਹੁਝਕਾ ਜਿਹਾ ਦੇ ਕੇ ਰਿੜ੍ਹ ਪਈ। ਬਰਫ਼ ਵਰਗੀ ਠੰਡੀ ਹਵਾ ਦਾ ਬੁੱਲ੍ਹਾ ਟੁੱਟੀਆਂ ਬਾਰੀਆਂ ਥਾਣੀਂ ਅੰਦਰ ਆਇਆ। ਜਿਸ ਨੇ ਕੰਬਦਿਆਂ ਨੂੰ ਹੋਰ ਕੰਬਾ ਕੇ ਰੱਖ ਦਿੱਤਾ ਸੀ। ਮੈਂ ਬਾਹਵਾਂ ਕੱਠੀਆਂ ਕਰਕੇ ਬੈਠਾਂ ਸਾਂ।

ਬਸ ਦਾ ਤਾਣਾ-ਬਾਣਾ ਕਾਫੀ ਹਿੱਲਿਆ ਪਿਆ ਸੀ। ਸਿਆਲਾਂ 'ਚ ਬੁੜ੍ਹੇ ਬੰਦੇ ਵਾਂਗੂੰ ਕੰਬਦੀ ਅਜੇ ਅੱਡੇ 'ਚੋਂ ਨਿਕਲੀ ਹੀ ਸੀ ਕਿ ਸੀਟੀ ਵੱਜਿਆਂ ਫੇਰ ਰੁਕੀ।

ਕੁਝ ਸੁਆਰੀਆਂ ਹੋਰ ਦਗੜ-ਦਗੜ ਕਰਦੀਆਂ ਆ ਚੜ੍ਹੀਆਂ। ਸਾਡੀ ਸੀਟ 'ਤੇ ਇਕ ਸੁਆਰੀ ਜੋਗੀ ਜਗ੍ਹਾ ਅਜੇ ਹੈ ਸੀ। ਮੈਂ ਸੋਚ ਹੀ ਰਿਹਾ ਸਾਂ ਕੋਈ ਆ ਕੇ ਬੈਠ ਜਾਵੇ।

"ਕਾਕਾ ਅਗਾਂਹ ਹੋ ਜਰਾ ਬੈਠੀਏ...।" ਇੱਕ ਜਣਾ ਮੇਰੇ ਲਾਗੇ ਖੜੋਤਾ ਕੁਝ ਰੁੱਖਾ ਜਿਹਾ

ਬੋਲਿਆ। ਮੈਂ ਉਸ ਵੱਲ ਦੇਖਿਆ ਤੇ ਕੁੜੀ ਵਾਲੇ ਪਾਸੇ ਸਰਕ ਗਿਆ। ਬੰਦਾ ਵਾਹਵਾ ਮੋਟਾ ਠੁੱਲ੍ਹਾ ਸੀ। ਇੰਜ ਮੇਰਾ ਸੱਜਾ ਤੇ ਕੁੜੀ ਦਾ ਖੱਬਾ ਪਾਸਾ ਆਪਸ 'ਚ ਬਿਲਕੁਲ ਹੀ ਜੁੜ ਗਏ ਸਨ। ਜਿਵੇਂ ਵੇਲਣੇ 'ਚ ਆਏ ਗੰਨੇ ਵਾਂਗੂੰ, ਮੈਂ ਹੁਣ ਦੋਹਾਂ ਜਣਿਆਂ 'ਚ ਘੁੱਟਿਆ ਜਿਹਾ ਗਿਆ ਸਾਂ। ਕੁੜੀ ਉਵੇਂ ਹੀ ਸ਼ਾਂਤ ਚਿੱਤ ਬਾਹਾਂ ਹਿੱਕ ਥੱਲੇ 'ਕੱਠੀਆਂ ਕਰਕੇ ਬੈਠੀ ਰਹੀ। ਜਿਵੇਂ ਉਸ ਉੱਤੇ ਏਸ ਘੁਟਣ ਤੇ ਤੰਗੀ ਦਾ ਕੋਈ ਅਸਰ ਨਹੀਂ ਸੀ। ਖੌਰੇ ਉਹਨੇ ਵੀ ਅੰਦਰੋਂ ਮੇਰੇ ਨਾਲ ਲੱਗਣ ਦਾ ਸ਼ੁਕਰ ਮਨਾਇਆ ਹੋਵੇ।

ਹੌਲੀ-ਹੌਲੀ ਚਲਦੀ ਬੱਸ ਹੁਝਕੇ ਖਾਂਦੀ ਤੇ ਮੋੜ ਕੱਟਦੀ ਹੋਈ, ਇੱਧਰ-ਉੱਧਰ ਡੋਲਦੀ ਤਾਂ ਕੁੜੀ ਕਦੇ ਮੇਰੇ ਮੋਢਿਆਂ 'ਤੇ ਝੁਕ ਜਾਂਦੀ, ਕਦੇ ਮੈਂ ਉਸ ਵੱਲ ਕੱਸਿਆ ਜਿਹਾ ਜਾਂਦਾ। ਜਿਵੇਂ ਅਸੀਂ ਦੋਵੇਂ ਇਕ-ਦੂਜੇ ਨਾਲ ਅਠਖੇਲੀਆਂ ਪਏ ਕਰ ਰਹੇ ਹੋਈਏ। ਮੈਂ ਚੋਰ ਅੱਖ ਨਾਲ ਦੇਖਦਾ, ਕੁੜੀ ਦੇ ਗੁਲਾਬੀ ਚਿਹਰੇ 'ਤੇ ਕੋਈ ਗੁੱਸੇ ਦਾ ਚਿੰਨ੍ਹ ਨਹੀਂ ਸੀ। ਜੋ ਹੋ ਰਿਹਾ ਸੀ ਉਹ ਤਾਂ ਸੁਭਾਵਕ ਹੀ ਸੀ। ਇਸ 'ਚ ਨਰਾਜ਼ ਹੋਣ ਦੀ ਤਾਂ ਕੋਈ ਗੁੰਜਾਇਸ਼ ਹੀ ਨਹੀਂ ਸੀ।

ਠੰਡੀ ਤੇ ਕਕਰੀਲੀ ਹਵਾ ਫ਼ਰਨ-ਫ਼ਰਨ ਵਗੀ ਜਾ ਰਹੀ ਸੀ। ਪਰ ਏਨੀ ਮੁਸ਼ਕਿਲ 'ਚ ਬੈਠਿਆਂ ਹੋਇਆਂ ਵੀ ਮੈਨੂੰ ਠੰਡ ਲੱਗਣੀ ਕੁਝ ਘਟ ਗਈ ਸੀ। ਜਿਵੇਂ ਇਨ੍ਹਾਂ ਹੁਲਾਰਿਆਂ ਨੇ ਮੇਰੇ ਅੰਦਰਲੀ ਠੰਡ ਨੂੰ ਘੁੱਟ ਕੇ ਬਾਹਰ ਕੱਢ ਦਿੱਤਾ ਸੀ। ਮੈਂ ਪਿੱਛੇ ਮੁੜਕੇ ਦੇਖਿਆ ਬੱਸ ਸ਼ਹਿਰ ਨੂੰ ਕਿਤੇ ਦੂਰ ਛੱਡ ਆਈ ਸੀ। ਸ਼ਹਿਰ ਧੁੰਦ ਦੇ ਕਲਾਵੇ 'ਚ ਆਇਆ ਗੁੰਮ ਹੋ ਗਿਆ ਸੀ। ਸੜਕ ਦੇ ਕਿਨਾਰੇ ਖੇਤਾਂ 'ਚ ਗਿੱਠ-ਗਿੱਠ ਹੋਈ ਕਣਕ, ਕੋਹਰੇ 'ਚ ਲੁਕੀ ਹੋਈ।

ਮੈਂ ਇੱਧਰ-ਉੱਧਰ ਦੇਖ ਕੇ ਕੁੜੀ ਦੇ ਸੂਟ ਨੂੰ ਦੇਖਣ ਲਗ ਪਿਆ। ਫ਼ਿੱਕਾ ਜਿਹਾ ਉਨਾਭੀ, ਚਿੱਟੇ ਤੇ ਕਿਤੇ-ਕਿਤੇ ਹਰੇ ਰੰਗ ਦੇ ਵੱਡੇ-ਵੱਡੇ ਫੁੱਲਾਂ ਵਾਲਾ। ਉੱਪਰ ਉਹਨੇ ਕਾਲਾ ਕੋਟ ਪਾਇਆ ਹੋਇਆ। ਗਲ੍ਹੇ ਦੁਆਲੇ ਲਾਲ ਮਫ਼ਲਰ ਏਨੇ ਸੋਹਣੇ ਢੰਗ ਨਾਲ ਸਜਾਇਆ ਹੋਇਆ ਸੀ ਕਿ ਉਹ ਮੈਨੂੰ ਬੜੀ ਹੀ ਸੁੰਦਰ ਜਾਪੀ। ਮੇਰੇ ਸਰੀਰ 'ਚ ਤਰੰਗਾਂ ਪੈਦਾ ਕਰਦੀ ਜਿਵੇਂ ਕੋਈ ਸਾਜ਼ ਛੇੜ ਰਹੀ ਹੋਵੇ। ਜਿਸਦੀਆਂ ਲਹਿਰਾਂ ਸੰਗ ਮੈਂ ਮਦਹੋਸ਼ ਹੋਈ ਜਾ ਰਿਹਾ ਸਾਂ। ਮੈਂ ਵਾਰ-ਵਾਰ ਉਸ ਵਲ ਦੇਖਦਾ। ਖੌਰੇ ਉਹਦੀ ਮਾਂ ਨੇ ਉਸ ਨੂੰ ਕਸ਼ਮੀਰੀ ਸੇਬ ਖਾ ਕੇ ਜੰਮਿਆ ਸੀ। ਜਦੋਂ ਮੈਂ ਉਸ ਦੇ ਭਰਵੇਂ ਤੇ ਗੁਲਾਬੀ ਚਿਹਰੇ 'ਤੇ ਲੱਗੀਆਂ ਕਾਲੀਆਂ ਐਨਕਾਂ ਦਾ ਦ੍ਰਿਸ਼ ਦੇਖਦਾ ਤਾਂ ਚਿੱਤ ਕਰੇ ਦੇਖਦਾ ਹੀ ਰਹਾਂ। ਹਾਏ! ਏਡੀ ਸੋਹਣੀ। ਉਸ ਦੇ ਇਹੋ ਜਿਹੇ ਸੰਗਮਰਮਰੀ ਜਿਸਮ ਨਾਲ ਬੈਠਾ ਮੈਂ ਸਿਆਲਾਂ 'ਚ ਛਿਟੀਆਂ ਦਾ ਸੇਕ ਮਾਣ ਰਿਹਾ ਸਾਂ।

ਕੰਡਕਟਰ ਟਿਕਟਾਂ ਕੱਟ ਕੇ ਵਿਹਲਾ ਹੋ ਗਿਆ ਸੀ। ਉਹ ਡਰਾਈਵਰ ਨਾਲ ਇੰਜਣ 'ਤੇ ਬੈਠ ਗਿਆ। ਮੂੰਹ ਨਾਲ ਮੂੰਹ ਜੋੜ ਕੇ ਦੋਵੇਂ ਆਪਣੀਆਂ ਗੱਲਾਂ 'ਚ ਮਘਨ ਸਨ। ਜਿਵੇਂ ਉਨ੍ਹਾਂ ਨੂੰ ਬੜੇ ਦਿਨਾਂ ਬਾਅਦ ਗੱਲਾਂ ਕਰਨ ਦਾ ਮੌਕਾ ਮਿਲਿਆ ਹੋਵੇ।

ਬੱਸ ਆਪਣੀ ਮੰਜ਼ਿਲ ਵਲ ਵਧਦੀ ਜਾ ਰਹੀ ਸੀ। ਪਰ ਪਾਟੇ ਢੋਲ ਵਾਂਗ ਅੜਿੰਗਦੀ, ਜਿਵੇਂ ਠੰਡ ਨੇ ਉਸ ਦੇ ਅੜਾਟ ਕੱਢ ਛੱਡੇ ਹੋਣ। ਇਧਰ ਬੱਸ ਦੇ ਹੁਲਾਰਿਆਂ ਤੇ ਕੁੜੀ ਦੇ ਸੰਗ 'ਚ ਮੇਰੀ ਰੂਹ ਨਸ਼ਿਆਈ ਜਾ ਰਹੀ ਸੀ। ਮੈਨੂੰ ਇਵੇਂ ਜਾਪਦਾ ਜਿਵੇਂ ਮੈਂ ਉਹਦੇ ਮਨ ਤੇ ਰੂਹ ਨੂੰ ਇਕੱਠਿਆਂ ਭੋਗ ਰਿਹਾ ਹੋਵਾਂ। ਮੈਨੂੰ ਕੋਈ ਗੱਲ ਕਰਨੀ ਚਾਹੀਦੀ ਏ। ਪਰ ਕਿਵੇਂ ਕਰਾਂ।

ਹੁਝਕਿਆਂ ਨਾਲ ਮੇਰਾ ਗੋਡਾ ਉਹਦੇ ਗੋਡੇ ਨਾਲ ਕੁਝ ਜ਼ਿਆਦਾ ਹੀ ਖਹਿ ਜਾਂਦਾ। ਜਿਵੇਂ



ਉਹ ਕੁੜੀ ਨੂੰ ਕੋਈ ਸੁਨੇਹਾ ਦੇ ਰਿਹਾ ਹੋਵੇ। ਪਰ ਉਹ ਚੁਪ-ਚੁਪ ਸੀ। ਮਸਤ ਬੈਠੀ ਸੀ। ਪਰ ਮੈਂ ਤਾਂ ਇਸ ਖੇਡ 'ਚ ਮਸਤ ਸਾਂ। ਮੇਰੇ ਸਰੀਰ ਨੂੰ ਭੂਰੀਆਂ ਕੀੜੀਆਂ ਲੜ ਰਹੀਆਂ। ਮਨ ਨੂੰ ਕਾਹਲ ਵੀ ਪੈ ਰਹੀ। ਮੈਂ ਇਸ ਖੇਡ 'ਚ ਦਿਲਚਸਪੀ ਲੈਣ ਲਈ ਉਹਨੂੰ ਚੋਰ ਅੱਖ ਨਾਲ ਵਾਰ-ਵਾਰ ਦੇਖਦਾ। ਪਰ ਉਹਦੀਆਂ ਕਾਲੀਆਂ ਐਨਕਾਂ ਥੱਲੇ ਲੁੱਕੀਆਂ ਅੱਖਾਂ ਦੀ ਭਾਸ਼ਾ ਪੜ੍ਹਣ ਤੋਂ ਅਸਮਰਥ ਸਾਂ।

ਮੇਰੇ ਨਾਲ ਬੈਠਾ ਆਦਮੀ ਬਾਰੀ ਵਿਚਲੀ ਹਵਾ ਸਿੱਧੀ ਪੈਣ ਕਰਕੇ ਕੰਬੀ ਜਾ ਰਿਹਾ ਸੀ ਤੇ ਆਪਣਾ ਕੰਬਲ ਆਪਣੇ ਦੁਆਲੇ ਹੋਰ ਘੁੱਟ ਕੇ ਲਪੇਟੀ ਗਿਆ। ਨੱਕ ਦੇ ਸੁੜ੍ਹਕੇ ਉਹ ਲਗਾਤਾਰ ਮਾਰ ਰਿਹਾ ਸੀ। ਫਿਰ ਉਹਨੇ ਆਪਣਾ ਸਿਰ ਵੀ ਕੰਬਲ 'ਚ ਲੈ ਲਿਆ ਜਿਵੇਂ ਤੂੜੀ ਵਾਲਾ ਕੁੱਪ ਬਣ ਗਿਆ ਹੋਵੇ। ਮੈਂ ਦੇਖਿਆ ਬਸ 'ਚ ਇਵੇਂ ਦੇ ਹੋਰ ਵੀ ਬਥੇਰੇ ਕੁੱਪ ਬਣੇ ਹੋਏ ਸਨ।

ਪਰ ਮੈਨੂੰ ਪਤਾ ਨਹੀਂ ਕਿਉਂ, ਇੰਨੀ ਠੰਡ 'ਚ ਵੀ ਨਿੰਮਾ-ਨਿੰਮਾ ਸਰੂਰ, ਬਾਰੀ ਵਾਲੇ ਪਾਸਿਓਂ ਆਉਂਦਾ ਕਿਉਂ ਮਹਿਸੂਸ ਹੋ ਰਿਹਾ ਸੀ। ਜਿਵੇਂ ਮੈਂ ਪਹਾੜ ਦੀ ਸੁਰਮਈ ਸ਼ਾਮ ਉਹਦੇ ਸੰਗ ਬੈਠਾ ਹੋਇਆ, ਉੱਚੇ ਚਿਨਾਰ ਦੇ ਰੁੱਖਾਂ ਦੇ ਸਿਖਰਾਂ ਨੂੰ ਮਾਪ ਰਿਹਾ ਸਾਂ। ਠੰਡੀ-ਮਿੱਠੀ ਹਵਾ ਤੇ ਹਰੀ ਕਚੂਰ ਚਰਾਂਦ 'ਚ ਲਿਟਦਾ, ਉਹਦੇ ਨਾਲ ਕਲਵਲ ਹੋ ਰਿਹਾ ਸਾਂ।

ਬੱਸ ਜਿਵੇਂ ਚਿੱਟੇ ਪਹਾੜ 'ਚ ਬਣੀ ਸੁਰੰਗ 'ਚੋਂ ਲੰਘ ਰਹੀ ਹੋਵੇ। ਆਸਮਾਨ ਵੀ ਦਿਸ ਨਹੀਂ ਸੀ ਰਿਹਾ। ਸੂਰਜ ਪਤਾ ਨਹੀਂ ਕਿੱਥੇ ਗੁਆਚ ਗਿਆ ਸੀ। ਸ਼ਾਇਦ ਧੁੰਦ ਅੱਗੇ ਆਪਣੀ ਹੋਂਦ ਗੁਆ ਬੈਠਾ ਹੋਵੇ।

ਬੱਸ ਛੋਟੇ-ਵੱਡੇ ਟੋਇਆਂ ਤੋਂ ਲੰਘਦੀ ਤਾਂ ਸਾਡੇ ਮੋਢੇ ਆਪਸ 'ਚ ਵਾਰ-ਵਾਰ ਟਕਰਾਉਂਦੇ। ਪਰ ਮੈਂ ਨਾਲ ਬੈਠੀ ਸਿਆਲਾਂ ਦੀ ਨੱਢੀ ਵੱਲ ਹੱਦੋਂ ਵੱਧ ਹੀ ਟਕਰਾਅ ਜਾਂਦਾ। ਜਿਵੇਂ ਕੋਲ ਬੈਠੀ ਸੁੰਦਰੀ ਮਚਲਦੀ ਲਾਟ ਹੋਵੇ। ਜਿਸ ਦੇ ਸੇਕ ਨੇ ਠੰਡ ਨੂੰ ਠੰਡ ਨਹੀਂ ਸੀ ਰਹਿਣ ਦਿੱਤਾ। ਇਹ ਮੇਲ ਕਰਮਾਂ ਵਾਲੀ ਬਸ ਨੇ ਸਾਡੇ ਕਿਤੇ ਭਾਗਾਂ 'ਚ ਲਿਖਿਆ ਹੋਇਆ ਸੀ। ਮੈਨੂੰ ਤਾਂ ਮਸਤੀ ਦੇ ਨਾਲ-ਨਾਲ ਅਚਵੀ ਜਿਹੀ ਲੱਗੀ ਹੋਈ। ਪਰ ਉਹ ਤਾਂ ਉਵੇਂ ਹੀ ਸ਼ਾਂਤ ਤੇ ਆਡੋਲ ਬੈਠੀ ਹੋਈ। ਜਿਵੇਂ ਉਸ ਦਾ ਬਾਹਰਲੀ ਠੰਡ ਨਾਲ ਮੁਕਾਬਲਾ ਚੱਲ ਰਿਹਾ ਹੋਵੇ। ਉਸ ਦਾ ਮਖਮਲੀ ਜੋਬਨ ਠੰਡ 'ਚ ਵੀ ਠਾਠਾਂ ਮਾਰ ਰਿਹਾ। ਪਰ ਉਹ ਚਟਾਨ ਵਰਗੀ, ਬਰਫ਼ ਦੀ ਸਿਲ ਬਣੀ ਹੋਈ।

ਪਰ ਮੇਰੇ ਦਿਲੋ-ਦਿਮਾਗ਼ 'ਚ ਤਾਂ ਜਵਾਰਭਾਟਾ ਆਇਆ ਹੋਇਆ। ਇਹ ਕਿਹੋ ਜਿਹੀ ਮੁਟਿਆਰ ਏ। ਜੋ ਕੋਲ ਬੈਠੇ ਨੌਜਵਾਨ ਦੀ ਛੋਹ ਨਾਲ ਵੀ ਪਿਘਲ ਨਹੀਂ ਸੀ ਰਹੀ। ਇਹ ਉਸਦੀ ਜਵਾਨੀ ਦਾ ਸਿਖਰ ਪਹਿਰ ਹੈ। ਏਨੀ ਖੂਬਸੂਰਤ ਕੁੜੀ ਦੀਆਂ ਅੱਖਾਂ ਕਿੰਨੀਆਂ ਖੂਬਸੂਰਤ ਹੋਣਗੀਆਂ। ਮੈਨੂੰ ਲੱਗਦੈ ਬਦਾਮਾਂ ਵਰਗੀਆਂ ਤਾਂ ਜ਼ਰੂਰ ਹੀ ਹੋਣਗੀਆਂ। ਪਰ ਇਨ੍ਹਾਂ ਅੱਖਾਂ ਨਾਲ ਇਹਨੇ ਅਨ੍ਹਿਆਂ ਕਿਉਂ ਕੀਤਾ ਹੋਇਐ। ਕਿਉਂ ਕਾਲੇ ਸ਼ੀਸ਼ਿਆਂ ਵਾਲੀ ਐਨਕ ਹੇਠ ਲੁਕੋਇਆ ਹੋਇਐ। ਇਨ੍ਹਾਂ ਭੋਲੇ ਨੈਣਾਂ ਤੋਂ ਕੀ ਗੁਨਾਹ ਹੋ ਗਿਐ। ਕਿਸਦਾ ਕਤਲ ਹੋ ਗਿਐ। ਜਾਂ ਕੋਈ ਹੋਰ ਹੋ ਜਾਣ ਡਰੋਂ ਇਨ੍ਹਾਂ ਨੂੰ ਕੈਦ ਕਰ ਰੱਖਿਐ।

ਬਸ ਪੂਰੀ ਤਰ੍ਹਾਂ ਭਰੀ ਹੋਈ ਸੀ। ਬਹੁਤ ਸਾਰੇ ਲੋਕ ਛੱਤ ਵਾਲਾ ਡੰਡਾ ਫ਼ੜ ਕੇ ਇੱਕ-ਦੂਜੇ 'ਚ ਘੁਸੜੇ ਹੋਏ। ਬਸ ਚਲਦੀ ਜਾਂਦੀ ਤੇ ਸੜਕ ਕਿਨਾਰੇ ਤਰੇਲ ਭਿੱਜੇ ਰੁੱਖ ਪਿੱਛੇ ਨੂੰ ਦੌੜੀ ਜਾਂਦੇ। ਜਿਵੇਂ ਬਸ ਪਿੱਛੇ ਸੰਗਦੇ, ਲੁਕਦੇ ਜਾ ਰਹੇ ਹੋਣ।

ਲੱਤਾਂ ਨੂੰ ਸਿੱਧਿਆਂ ਕਰਦਿਆਂ ਕੁੜੀ ਦੇ ਪੈਰ 'ਤੇ ਮੇਰਾ ਪੈਰ ਅਚਾਨਕ ਰੱਖਿਆ ਗਿਆ। ਕੁਝ ਜਾਣ-ਬੁਝ ਕੇ ਮੈਥੋਂ ਜ਼ਿਆਦਾ ਹੀ ਦੱਬਿਆ ਗਿਆ। ਉਹਦੇ ਮੂੰਹੋਂ ਹਾਏ ਨਿਕਲੀ। ਮੈਂ ਇਕਦਮ ਘਬਰਾਅ ਕੇ ਚੁੱਕ ਲਿਆ। ਮੇਰੇ ਦਿਲ ਦੀ ਧੜਕਣ ਤੇਜ਼ ਹੋ ਗਈ। ਮੇਰੇ ਹੋਸ਼ ਹਵਾਸ ਉੱਡ ਗਏ। ਕਿਤੇ ਕੁੜੀ ਅੱਗ ਬਗੋਲਾ ਹੋ ਕੇ ਮੇਰੇ ਦੁਆਲੇ ਹੀ ਨਾ ਹੋ ਜਾਵੇ। ਮੈਂ ਜਿਵੇਂ ਸਾਹ ਰੋਕ ਕੇ ਉਸ ਪਲ ਦਾ ਇੰਤਜ਼ਾਰ ਕਰ ਰਿਹਾ ਸਾਂ।

ਪਰ ਨਹੀਂ। ਕੁਝ ਵੀ ਤਾਂ ਨਹੀਂ ਹੋਇਆ। ਉਹ ਤਾਂ ਉਵੇਂ ਹੀ ਬੈਠੀ ਰਹੀ। ਮੇਰੇ ਦਿਲ ਦਾ ਡਰ ਕੁਝ-ਕੁਝ ਗਾਇਬ ਹੋ ਗਿਆ ਸੀ। ਚਲੋ ਇਹ ਵੀ ਚੰਗਾ ਹੀ ਹੋਇਆ। ਹੁਣ ਉਹ ਆਪੇ ਹੀ ਮੇਰੀ ਰਮਜ਼ ਨੂੰ ਸਮਝ ਜਾਵੇਗੀ।

ਮੈਂ ਰੱਬ ਦੀ ਕੁਦਰਤ ਦਾ ਸ਼ੁਕਰਾਨਾ ਵੀ ਕਰ ਰਿਹਾ ਸਾਂ। ਕੁਦਰਤ ਨੇ ਕਿੰਨੇ ਪਿਆਰੇ-ਪਿਆਰੇ ਮਨੁੱਖ ਬਣਾਏ ਨੇ, ਸੱਚੀ ਰੱਬ ਦਾ ਹੀ ਰੂਪ। ਜੀ ਕਰਦੈ ਇਨ੍ਹਾਂ ਪਵਿੱਤਰ ਲੋਕਾਂ ਦੇ ਪਿੰਡਿਆਂ ਜਿਹੇ ਤਨਿਆਂ ਨਾਲ ਬੈਠਿਆਂ ਉਮਰਾਂ ਬੀਤ ਜਾਣ। ਕਿੰਨੀ ਲਾਪ੍ਰਵਾਹ ਏ। ਸ਼ਾਂਤ ਵਹਿੰਦੇ ਦਰਿਆ ਵਰਗੀ। ਠੰਡੀ-ਠਾਰ। ਜੋ ਮੈਨੂੰ ਹੋਰ ਡੂੰਘੇ ਵਹਿਣਾਂ 'ਚ ਪਈ ਲਾਹੀ ਜਾਂਦੀ ਏ। ਜਿਵੇਂ ਇਹ ਸਫ਼ਰ ਮੇਰਾ ਜਾਂ ਉਹਦਾ ਨਹੀਂ। ਇਹ ਤਾਂ ਹੁਣ ਹਮਸਫ਼ਰਾਂ ਦਾ ਸਫ਼ਰ ਬਣ ਗਿਆ ਸੀ।

ਉਹਦੇ ਰੰਗ-ਢੰਗ ਨੂੰ ਦੇਖ ਕੇ ਮੈਨੂੰ ਇੰਜ ਲੱਗਦਾ ਉਹ ਤੇਈ-ਚੌਵੀ ਵਰ੍ਹਿਆਂ ਦੀ ਸੁਲਫ਼ੇ ਦੀ ਲਾਟ ਕਾਫ਼ੀ ਪੜ੍ਹੀ ਲਿਖੀ ਹੋਵੇਗੀ। ਨੌਕਰੀ ਕਰਦੀ ਹੋਊ। ਹੋ ਸਕਦੈ ਸਕੂਲ 'ਚ ਅਧਿਆਪਕ ਹੋਵੇ। ਮੈਨੂੰ ਤਾਂ ਕਾਲਜੀਏਟ ਹੀ ਲਗਦੀ ਏ। ਕਾਲਜ ਦੇ ਹੋਸਟਲ 'ਚ ਰਹਿੰਦੀ ਹੋਵੇਗੀ। ਅੱਜ ਕਈ ਦਿਨਾਂ ਬਾਅਦ ਆਪਣੇ ਪਿੰਡ ਪਰਤ ਰਹੀ ਹੋਵੇਗੀ। ਜਾਂ ਕਿਸੇ ਰਿਸ਼ਤੇਦਾਰੀ 'ਚ ਮਿਲਣ ਜਾ ਰਹੀ ਹੋਵੇ। ਚਲੋ ਖ਼ੈਰ ਜੋ ਵੀ ਹੋਊ, ਉੱਥੇ ਜਗਮਗ-ਜਗਮਗ ਕਰ ਦਿੰਦੀ ਹੋਊ। ਖੌਰੇ ਕੌਣ-ਕੌਣ ਇਹਦੇ ਆਉਣ ਦੀ ਉਡੀਕ 'ਚ ਬੱਸਾਂ ਉਡੀਕ ਰਿਹਾ ਹੋਵੇ। ਪਰ ਮੈਂ ਤਾਂ ਆਪਣੇ-ਆਪ ਨੂੰ ਭਾਗਾਂ ਵਾਲਾ ਸਮਝ ਰਿਹਾ ਸਾਂ। ਜੋ ਕੋਲ ਬੈਠਾ, ਭੌਰਾ ਬਣ ਖ਼ੁਸ਼ਬੂਆਂ ਮਾਣ ਰਿਹਾ ਸਾਂ। ਠੰਡ ਤਾਂ ਮੇਰੀ ਸੋਚ 'ਚੋਂ ਕਦੋਂ ਦੀ ਮਨਫ਼ੀ ਹੋ ਗਈ ਸੀ।

ਮੈਨੂੰ ਬੈਠੇ-ਬੈਠੇ ਮਹਿਸੂਸ ਹੁੰਦਾ, ਲੋਕ ਮੇਰੇ ਵੱਲ ਜਿਵੇਂ ਘੂਰ-ਘੂਰ ਦੇਖ ਰਹੇ ਨੇ। ਸੋਚਦੇ ਹੋਣਗੇ ਆਹ ਸਾਲਾ, ਕਿਵੇਂ ਨੱਢੀ ਨਾਲ ਚੰਬੜਿਆ ਬੈਠਾ ਹੋਇਐ।

ਮੇਰੇ ਨਾਲ ਬੈਠੇ ਬੰਦੇ ਨੇ ਕੰਬਲ 'ਚੋਂ ਮੂੰਹ ਬਾਹਰ ਕੱਢਿਆ ਤੇ ਮੇਰੀ ਚੁੱਪ ਨੂੰ ਇਹ ਕਹਿ ਕੇ ਤੋੜਿਆ, "ਕਾਕਾ ਠੰਡ ਬੜੀ ਐ... ਸੱਚੀ ਮਰ ਚੱਲੇ ਆਂ... ਐਤਕੀਂ ਤਾਂ ਠੰਡ ਨੇ ਵੱਟ ਕੱਢ ਦਿੱਤੇ ਨੇ...।"

"ਹਾਂ ਜੀ...।" ਮੈਂ ਮਾੜਾ ਜਿਹਾ ਸਿਰ ਹਿਲਾਇਆ।

"ਇੱਕ ਤਾਂ ਆ ਟੁੱਟੇ ਸ਼ੀਸ਼ੇ... ਉੱਤੋਂ ਬਰਫ਼ ਵਰਗੀ ਹਵਾ... ਮਾਰ ਸੁੱਟਣ ਲੱਗੀ ਏ... ਦੱਸੋ ਏਹੋ ਜਿਹੜੀਆਂ ਬੱਸਾਂ 'ਤੇ ਕੋਈ ਬੈਠਣ ਦਾ ਹੱਜ ਏ... ਬਸ ਮਜ਼ਬੂਰੀ ਦੇ ਮਾਰੇ ਜਾਣਾ ਪੈ ਰਿਹੈ... ਨਹੀਂ ਤਾਂ ਬੰਦਾ ਅਰਾਮ ਨਾਲ ਰਜਾਈ 'ਚ ਘਰੇ ਬੈਠੇ...।"

"ਹਾਂ ਜੀ...।" ਉਹ ਦੀਆਂ ਗੱਲਾਂ 'ਚ ਮੇਰੀ ਕੋਈ ਦਿਲਚਸਪੀ ਨਹੀਂ ਸੀ।

"ਜਵਾਨਾਂ ਤੂੰ ਹਾਂ ਜੀ ਤੋਂ ਅਗਾਂਹ ਬੋਲਦਾ ਨਹੀਂ... ਬੜਾ ਮਜੇ ਨਾਲ ਬੈਠੈਂ... ਤੈਨੂੰ ਠੰਡ ਨਹੀਂ ਲੱਗਦੀ...।"



"ਠੰਡ... ਮੈਨੂੰ... ਨਹੀਂ ਨਹੀਂ...।"

"ਉਏ ਤੁਹਾਨੂੰ ਜਵਾਨੋ ਕਿੱਥੋਂ ਠੰਡ ਲੱਗੇ, ਤੁਹਾਡੇ ਅੰਦਰ ਉਬਲਦਾ ਹੋਇਆ ਖ਼ੂਨ ਠੰਡ ਨੂੰ ਡੱਕਾ ਲਾ ਦੇਂਦੈ... ਨਾਲੇ ਤੈਨੂੰ ਕਿੱਥੇ ਠੰਡ ਲੱਗੇ... ਬਈ ਤੇਰਾ ਪਰਲਾ ਪਾਸਾ ਚੰਗੈ...।" ਮੇਰੇ ਕੰਨ ਲਾਗੇ ਇਹ ਸ਼ਬਦ ਹੌਲੀ ਜਿਹੀ ਕਹਿੰਦਿਆਂ ਉਹਦੇ ਦੰਦ ਆਪਸ 'ਚ ਖੜਕਣ ਲੱਗ ਪਏ ਤੇ ਉਹ ਕੰਬਣ ਲੱਗ ਪਿਆ। ਉਸ ਆਪਣਾ ਮੂੰਹ ਕੰਬਲ 'ਚ ਫਿਰ ਲੁਕੋ ਲਿਆ।

ਮੈਂ ਉਹਦੀ ਹਾਂ 'ਚ ਹਲਕਾ ਜਿਹਾ ਸਿਰ ਮਾਰਿਆ ਤੇ ਮੁਸਕਰਾ ਪਿਆ। ਮੈਂ ਕੁੜੀ ਵਲ ਮੂੰਹ ਘੁਮਾ ਕੇ ਦੇਖਿਆ ਜਿਵੇਂ ਮੈਂ ਉਹਨੂੰ ਸਫ਼ਾਈ ਦੇਣ ਲਈ ਕਹਿ ਰਿਹਾ ਹੋਵਾਂ, ਮੈਨੂੰ ਤਾਂ ਜੀ ਠੰਡ ਲੱਗ ਹੀ ਨਹੀਂ ਰਹੀ।

ਹੁਣ ਬੱਸ ਰੇਲਵੇ ਫਾਟਕ 'ਚੋਂ ਦੀ ਲੰਘ ਰਹੀ ਸੀ। ਇੱਥੇ ਬੱਸ ਨੇ ਕੁਝ ਜ਼ਿਆਦੀ ਹੀ ਹੁਝਕੇ ਖਾਧੇ। ਮੈਂ ਤੇ ਉਹ ਇਨ੍ਹਾਂ ਪਲਾਂ 'ਚ ਕਿੰਨੀ ਵਾਰੀ ਇੱਕ ਦੂਜੇ 'ਤੇ ਝੁਕੇ ਤੇ ਘੁੱਟੇ ਗਏ ਸਾਂ। ਜਿਵੇਂ ਇਕ-ਦੂਜੇ ਨਾਲ ਇਕਮਿਕ ਹੋ ਰਹੇ ਹੋਈਏ। ਏਸੇ ਵੇਲੇ ਅਗਲੀ ਸੀਟ ਦੇ ਪਾਈਪ ਨੂੰ ਫੜਦਿਆਂ, ਮੇਰੇ ਹੱਥ ਥੱਲੇ, ਅਚਾਨਕ ਉਹਦਾ ਪੋਲਾ ਜਿਹਾ ਹੱਥ, ਜ਼ੋਰ ਦੀ ਘੁੱਟਿਆ ਗਿਆ। ਸੌਰੀ। ਕੁੜੀ ਵੱਲ ਦੇਖਦਿਆਂ ਮੇਰੇ ਮੂੰਹੋਂ ਨਿਕਲਿਆ ਤੇ ਮੈਂ ਫਿਰ ਉਵੇਂ ਹੀ ਘਬਰਾਅ ਕੇ ਇਕਦਮ ਚੁੱਕ ਲਿਆ ਸੀ। ਮੈਂ ਪਹਿਲਾਂ ਵਾਂਗੂੰ ਹੀ ਬੁਰੀ ਤਰ੍ਹਾਂ ਡਰ ਗਿਆ ਸਾਂ। ਹਾਏ! ਜ਼ਰੂਰ ਕੋਈ ਭਾਣਾ ਵਰਤੇਗਾ।

ਪਰ ਮੈਂ ਦੇਖਿਆ ਉਸ ਕੋਹਕਾਫ਼ ਦੀ ਪਰੀ ਦੇ ਮੱਥੇ 'ਤੇ ਤਾਂ ਅਜੇ ਵੀ ਕੋਈ ਵੱਟ ਨਹੀਂ ਸੀ। ਉਹ ਤਾਂ ਸਮਤਲ ਹੀ ਸੀ। ਆਖਰ ਉਹਦੀ ਇਹ ਚੁੱਪ ਮੇਰੇ ਨਾਲ ਕਿਹੜੀ ਸਾਜ਼ਿਸ਼ ਕਰੀ ਜਾ ਰਹੀ ਸੀ। ਪਰ ਮੇਰੇ ਅੰਦਰ ਤਾਂ ਸਮੁੰਦਰੀ ਸੁਨਾਮੀ ਆਈ ਹੋਈ ਤੇ ਉਹ ਕਿਵੇਂ ਚੁੱਪ ਝੀਲ ਬਣੀ ਹੋਈ ਸੀ। ਕਿਤੇ ਕੁੜੀ ਦੀ ਚੁੱਪ ਦੀ ਭਾਸ਼ਾ ਮੇਰੇ ਲਈ ਕੁਝ ਮਾੜਾ ਵਾਪਰ ਜਾਣ ਦਾ ਸੰਕੇਤ ਤਾਂ ਨਹੀਂ ਸੀ ਜਾਂ ਉਹਦਾ ਇਵੇਂ ਚੁੱਪ ਰਹਿ ਕੇ ਮੈਨੂੰ ਹੋਰ ਅੱਗੇ ਵਧਣ ਲਈ ਕੋਈ ਸ਼ਹਿ ਸੀ। ਪਰ ਬੱਸ ਦੇ ਹੁਲਾਰੇ ਤਾਂ ਮੇਰੇ ਲਈ ਵਰਦਾਨ ਸਾਬਤ ਹੋ ਰਹੇ ਸਨ।

ਹੁਣ ਤਾਂ ਕੁੜੀ ਨੂੰ ਬੁਲਾ ਹੀ ਲਵਾਂ। ਮੇਰੀ ਮਾਨਸਿਕਤਾ ਥਿੜਕਦੀ। ਕਦੇ ਫਿਰ ਟਿਕਾਣੇ ਆ ਜਾਂਦੀ। ਖੌਰੇ ਇਹ ਗਊ ਜਿਹੀ ਵੀ ਮੇਰੀ ਤਰ੍ਹਾਂ ਸੋਚਦੀ ਹੋਵੇ। ਮੈਂ ਕਿਉਂ ਪਹਿਲ ਕਰਾਂ। ਇਹ ਮਰਦ ਏ। ਇਹ ਪਹਿਲ ਕਰੇ। ਮੈਂ ਤਾਂ ਔਰਤ ਆਂ। ਪਹਿਲ ਤਾਂ ਮੁੰਡਿਆਂ ਨੇ ਹੀ ਕਰਨੀ ਹੁੰਦੀ ਏ। ਪਰ ਮੈਂ ਕਿਉਂ ਔਰਤ ਬਣਿਆ ਪਿਆਂ। ਕਿਉਂ ਨਹੀਂ ਹਿੰਮਤ ਕਰਕੇ ਉਹਨੂੰ ਬੁਲਾ ਲੈਂਦਾ। ਮੈਨੂੰ ਕਿਤੇ ਖਾ ਤਾਂ ਨਹੀਂ ਚੱਲੀ। ਇਹ ਸੋਚ ਕੇ ਮੈਂ ਹਿੰਮਤ ਇਕੱਠੀ ਕੀਤੀ। ਆਪਣੇ ਆਪ ਨੂੰ ਕੁਝ ਵਸ 'ਚ ਕੀਤਾ। ਪਰ ਮੇਰੇ ਦਿਲ ਦੀ ਧੜਕਣ ਕੰਨਾਂ ਨੂੰ ਸੁਣਾਈ ਦੇਣ ਲੱਗ ਪਈ। ਕੰਨਾਂ 'ਚੋਂ ਸੇਕ ਨਿਕਲਣ ਲਗ ਪਿਆ। ਅਤ੍ਰਿਪਤ ਨਸ਼ੇ ਨੂੰ ਮਹਿਸੂਸ ਕਰਦਿਆਂ ਮੇਰੀ ਜੀਭ ਖੁਸ਼ਕ ਹੋਣ ਲੱਗ ਪਈ। ਮੱਥੇ ਤੋਂ ਜਿਵੇਂ ਪਸੀਨਾ ਸਿੰਮ ਆਇਆ ਸੀ। ਪਰ ਮੈਥੋਂ ਮੂੰਹ ਨਹੀਂ ਸੀ ਖੁਲ ਰਿਹਾ। ਹਾਏ! ਜੇ ਵੱਡੇ ਹੁਲਾਰੇ ਲੈਣ ਦੇ ਚੱਕਰਾਂ 'ਚ ਸਤਰੰਗੀ ਪੀਂਘ ਦੀ ਰੱਸੀ ਟੁੱਟ ਗਈ ਤਾਂ ਮੂਧੇ ਮੂੰਹ ਜਾ ਡਿੱਗਾਂਗਾਂ। ਮੈਂ ਉਹਦੇ ਵਲ ਮੂੰਹ ਕਰਕੇ ਸੋਚ ਹੀ ਰਿਹਾ ਸਾਂ।

ਏਨੇ 'ਚ ਇੱਕ ਕਾੜ ਕਰਦਾ ਥੱਪੜ ਮੂੰਹ 'ਤੇ ਆ ਵੱਜਾ, "...ਵੇ ਤੈਨੂੰ ਸ਼ਰਮ ਨਹੀਂ ਆਉਂਦੀ ਬੇਸ਼ਰਮਾਂ... ਮੈਂ ਸਾਰੇ ਸਫ਼ਰ 'ਚ ਤਾੜਦੀ ਰਹੀ ਆਂ... ਤੈਨੂੰ ਅੱਗ ਲੱਗੀ ਹੋਈ ਏ...। ਫੇਰ ਸਾਰੀ

ਬੱਸ 'ਚ ਜਿਵੇਂ ਸੰਨਾਟਾ ਛਾ ਗਿਆ। ਮੈਂ ਡੌਰ-ਭੌਰਾ ਉੱਪਰ ਦੇਖੀ ਜਾ ਰਿਹਾ। '... ਕੁੱਤਾ ਨਾ ਹੋਵੇ ਤਾਂ ਇਹਨੂੰ ਏਨੀ ਠੰਡ 'ਚ ਵੀ ਇਸ਼ਕ ਪਿਆ ਲੜਦੈ... ਘਰ ਮਾਂ-ਭੈਣ ਨਹੀਂ... ਮਰ ਜਾਣਾ ਜਦੋਂ ਦਾ ਚੜ੍ਹਿਐ, ਚੰਬੜੀ ਪਿਆ ਜਾਂਦੈ... ਕੰਜਰਾ ਔਹ ਦੇਖ ਸਾਹਮਣੇ ਬਸ 'ਚ ਕੀ ਲਿਖਿਐ... ਬਾਰੀ 'ਚੋਂ ਸਿਰ ਬਾਹਰ ਨਾ ਕੱਢੋ ਖਤਰਾ ਹੋਵੇਗਾ... ਮੈਂ ਤਾਂ ਲੋਕੋ ਕਹਿੰਦੀ ਆਂ, ਬਾਹਰ ਤਾਂ ਖਤਰਾ ਹੈ ਈ ਐ... ਸਿਰਾਂ ਨੂੰ ਤਾਂ ਅੰਦਰ ਬੈਠਿਆਂ ਵੀ, ਇਹੋ ਜਿਹੇ ਲੁੱਚਿਆਂ ਤੋਂ ਖਤਰੈ...।'

ਮੈਂ ਹੈਰਾਨ ਸਾਂ ਕੋਈ ਹੋਰ ਵੀ ਮੇਰੇ ਵਾਂਗੂੰ ਬੱਸ 'ਚ ਜਮ੍ਹਾਂ-ਤਕਸੀਮਾਂ ਪਿਆ ਦੇ ਰਿਹਾ ਸੀ ਤੇ ਉਹ ਔਰਤ, ਛੱਤ ਵਾਲਾ ਡੰਡਾ ਫ਼ੜੀ ਖੜ੍ਹੇ ਬੰਦੇ ਨੂੰ ਬੋਦਿਆਂ ਤੋਂ ਹਲੂਣਦੀ ਉਹਦੀ ਬੁਰੀ ਹਾਲਤ ਵੀ ਕਰੀ ਜਾ ਰਹੀ ਸੀ। ਹੁਣ ਹੋਰ ਵੀ ਕਈ ਬੈਠੇ ਉਸ ਨੂੰ ਲਾਹਣਤਾਂ ਪਾ ਰਹੇ ਸਨ।

ਇੱਧਰ ਬੈਠੇ-ਬੈਠੇ ਮੇਰੇ ਵੀ ਇਸ਼ਕ ਦਾ ਪਾਰਾ ਇਕਦਮ ਹੇਠਾਂ ਜਾ ਪਿਆ ਸੀ। ਮੇਰੇ ਅੰਦਰੋਂ ਫੁੱਟਦਾ ਲਾਵਾ ਜਿਵੇਂ ਉੱਥੇ ਹੀ ਜੰਮ ਗਿਆ ਸੀ। ਮੈਂ ਚੱਕਰਵਿਊ 'ਚੋਂ ਨਿਕਲ ਕੇ ਹਕੀਕਤ 'ਚ ਆ ਗਿਆ ਸਾਂ। ਮੇਰੇ ਵੱਲੋਂ ਕੈਨਵਸ 'ਤੇ ਬਣਾਈ ਜਾ ਰਹੀ ਸੋਹਣੀ ਦੀ ਤਸਵੀਰ 'ਤੇ ਅਚਾਨਕ ਥੋਹਰਾਂ ਉੱਗ ਆਈਆਂ ਸਨ। ਮੈਨੂੰ ਬੈਠੇ-ਬੈਠੇ ਕੁੜੀ ਤੋਂ ਡਰ ਤੇ ਘਬਰਾਹਟ ਹੋਣ ਲੱਗ ਪਈ। ਜਿਵੇਂ ਥੱਪੜ ਉਸ ਬੰਦੇ ਦੇ ਨਹੀਂ ਮੇਰੇ ਪੈ ਹਟੇ ਹੋਣ। ਬਸ ਫ਼ਰਕ ਸਿਰਫ਼ ਏਨਾ ਸੀ ਕਿ ਉਸ ਇਸਤਰੀ ਦੇ ਸਬਰ ਦਾ ਪਿਆਲਾ ਛੇਤੀ ਭਰ ਗਿਆ ਤੇ ਮੇਰੇ ਵਾਲੀ ਅਜੇ ਉਵੇਂ ਹੀ ਸ਼ਾਂਤ ਚਿੱਤ ਬੈਠੀ ਸੀ।

ਬੱਸ ਉਵੇਂ ਹੀ ਠੰਡ ਨਾਲ ਟੱਕਰਾਂ ਮਾਰਦੀ ਜਾ ਰਹੀ ਸੀ। ਪਰ ਸਫ਼ਰ ਤੇ ਸਾਥ ਦਾ ਨਿੱਘ ਹੁਣ ਉਹ ਨਹੀਂ ਸੀ ਰਿਹਾ। ਬੱਸ ਨੂੰ ਤਾਂ ਕਿਤੇ ਚਿਤ-ਚੇਤਾ ਵੀ ਨਹੀਂ ਹੋਣਾ ਕਿ ਉਹਦੇ ਅੰਦਰ ਕੀ ਭਾਣਾ ਵਰਤ ਗਿਆ ਸੀ। ਕਿਸ ਦੀ ਕਿਹੋ ਜਿਹੀ ਹਾਲਤ ਹੋ ਗਈ ਸੀ। ਕੌਣ ਚੋਟੀ 'ਤੇ ਚੜ੍ਹਦਾ-ਚੜ੍ਹਦਾ ਧੜੰਮ ਕਰਕੇ ਹੇਠਾਂ ਆ ਪਿਆ ਸੀ। ਕਿਹਦੀਆਂ ਆਸਾਂ ਦਾ ਬੂਰ, ਬੁਰੀ ਤਰ੍ਹਾਂ ਝੜ ਗਿਆ ਸੀ। ਖੜਕਦੀ ਬਸ ਨੂੰ ਕੀ ਪਤਾ ਉਹਦੇ ਹੁਲਾਰਿਆਂ ਦੇ ਬਾਵਜੂਦ ਵੀ ਮੈਂ ਹੁਣ ਬੜੇ ਸੰਕੋਚ ਨਾਲ ਤੇ ਸੰਭਲ-ਸੰਭਲ ਕੇ ਬੈਠਾ ਹੋਇਆ ਸਮਾਂ ਲੰਘਾ ਰਿਹਾ ਸਾਂ। ਖੌਰੇ ਮੇਰੇ ਨਾਲ ਬੈਠੀ, ਐਨਕਾਂ ਥੱਲਿਉਂ ਮੈਨੂੰ ਤੇ ਮੇਰੀਆਂ ਹਰਕਤਾਂ ਨੂੰ ਕਿਸ ਨਜ਼ਰ ਨਾਲ ਤਾੜ ਰਹੀ ਸੀ।

ਮੈਂ ਇਹ ਵੀ ਦੇਖ ਰਿਹਾ ਸਾਂ ਉਸ ਬੰਦੇ ਨੇ ਤਾਂ ਹੁਣ ਕਦੋਂ ਦਾ ਸਿਰ ਵੀ ਚੁੱਕ ਕੇ ਨਹੀਂ ਸੀ ਦੇਖਿਆ ਲੱਗਦਾ। ਜਿਵੇਂ ਡੰਡੇ ਨਾਲ ਸਟਕ ਜਿਹਾ ਗਿਆ ਹੋਵੇ। ਨਾਲੇ ਉਹਦੇ ਪੱਲੇ ਹੁਣ ਰਿਹਾ ਵੀ ਕੀ ਸੀ। ਕੱਖ ਵੀ ਤਾਂ ਨਹੀਂ ਸੀ ਰਿਹਾ। ਮੈਂ ਆਪਣੇ-ਆਪ ਨੂੰ ਉਹਦੀ ਜਗ੍ਹਾ ਮਹਿਸੂਸਦਾ ਤਾਂ ਮੈਨੂੰ ਝੁਣਝੁਣੀ ਜਿਹੀ ਜਾਂਦੀ। ਮੈਂ ਤਾਂ ਸੱਚਮੁਚ ਹੁਣ ਢੇਰੀ ਜਿਹੀ ਹੀ ਢਾਹ ਬੈਠਾ ਸਾਂ। ਜਿਵੇਂ ਮੇਰਾ ਸੱਚ ਹੀ ਮਰ ਗਿਆ ਹੋਵੇ। ਭਾਵੇਂ ਮੈਂ ਕੁੜੀ ਨੂੰ ਉਵੇਂ ਹੀ ਚਾਹ ਰਿਹਾ ਸਾਂ। ਉਹ ਮੇਰੇ ਦਿਲ 'ਚੋਂ ਨਿਕਲ ਵੀ ਨਹੀਂ ਸੀ ਰਹੀ। ਪਰ ਉਹਦੀ ਚੁੱਪ ਮੈਨੂੰ ਕਿਸੇ ਜਵਾਲਾਮੁਖੀ ਵਰਗੀ ਜਾਪ ਰਹੀ ਸੀ।

ਮੈਨੂੰ ਤਾਂ ਉਸ ਖੜ੍ਹੀ ਔਰਤ 'ਤੇ ਵੀ ਖਿਝ ਆ ਰਹੀ ਸੀ। ਜਿਸ ਨੇ ਮੇਰੇ ਆਬੋ-ਹਯਾਤ ਵਰਗੇ ਹੁਸੀਨ ਪਲਾਂ ਬਾਰੇ ਕੁਝ ਵੀ ਨਹੀਂ ਸੀ ਸੋਚਿਆ। ਕਿਤੇ ਮੇਰੀ ਖਾਤਰ ਥੋੜ੍ਹਾ ਜਿਹਾ ਹੋਰ ਸਬਰ ਕਰ ਲੈਂਦੀ। ਕਾਹਲੀ ਨਾ ਪੈਂਦੀ ਤੇ ਇਧਰ ਮੇਰਾ ਸੁਪਨਾ ਵੀ ਅੱਧ ਵਿਚਾਲਿਉਂ ਨਾ ਟੁੱਟਦਾ।

'... ਸੁਭਾਨਪੁਰ ਆਉਣ ਵਾਲੈ... ਬਈ ਤਿਆਰੀਆਂ ਕੱਸ ਲਵੋ...।'' ਕੰਡਕਟਰ ਨੇ ਸਵਾਰੀਆਂ ਨੂੰ ਪਹਿਲਾਂ ਹੀ ਚੁਕੰਨੇ ਕਰ ਦਿੱਤਾ ਸੀ।



ਹੁਣ ਮੈਂ ਕੀ ਕਰਾਂ। ਹੁਣ ਤਾਂ ਸਫ਼ਰ ਵੀ ਮੁੱਕ ਰਿਹਾ ਸੀ। ਪਰ ਮੈਂ ਤਾਂ ਅਜੇ ਵੀ ਟੀਸੀ ਦੇ ਬੇਰ ਤੱਕ ਅਪੜਨ ਲਈ ਛਟਪਟਾ ਰਿਹਾ ਸਾਂ। ਹਾਏ ਹੁਣ ਮੇਰਾ ਏਨੀ ਤੱਪਸਿਆ ਨਿਸਫ਼ਲ ਹੀ ਜਾਵੇਗੀ। ਕਿਸੇ ਲੇਖੇ ਨਹੀਂ ਸੀ ਲੱਗਣੀ।

'ਚਲੋ ਬਈ ਚਲੋ ਸੁਭਾਨਪੁਰ ਉਤਰਣ ਵਾਲੇ ਉੱਠ ਖੜੋ... ਛੱਡ ਦਿਓ ਹੁਣ ਸੀਟਾਂ...।'' ਕੰਡਕਟਰ ਉੱਚੀ-ਉੱਚੀ ਬੋਲੀ ਜਾ ਰਿਹਾ ਸੀ।

ਬੱਸ ਹੌਲੀ-ਹੌਲੀ ਹੁੰਦੀ ਆਪਣੇ ਟਿਕਾਣੇ ਖੜੋ ਗਈ ਸੀ। ਸਵਾਰੀਆਂ ਉਤਰਣ ਲੱਗ ਪਈਆਂ 'ਤੇ ਫੇਰ ਉਹ ਵੀ ਆਪਣਾ ਸਰੂ ਵਰਗਾ ਕੱਦ ਲੈ ਕੇ ਉੱਠ ਖੜ੍ਹੀ ਹੋਈ ਸੀ। ਜਿਵੇਂ ਕੋਈ ਮਲਿਕਾ ਆਪਣੇ ਤਖ਼ਤ ਤੋਂ ਉੱਠ ਪਈ ਹੋਵੇ। ਮੈਂ ਸਾਹ ਰੋਕ ਕੇ ਉਹਨੂੰ ਨਿਹਾਰਨ ਲੱਗ ਪਿਆ।

ਅਜੇ ਮੇਰਾ ਤਾਂ ਸਫ਼ਰ ਅੱਗੇ ਹੋਰ ਪਿਆ ਸੀ। ਪਰ ਮੈਂ ਵੀ ਉਹਦੇ ਮਗਰ ਹੀ ਉਤਰ ਗਿਆ ਸਾਂ। ਉਹ ਜਿਉਂ-ਜਿਉਂ ਤੁਰੀ ਜਾ ਰਹੀ ਸੀ। ਮੇਰਾ ਮੂੰਹ ਲਟਕਦਾ ਜਾ ਰਿਹਾ। ਹੁਣ ਇਹ ਵਿਛੜ ਜਾਵੇਗੀ। ਫਿਰ ਕਦੇ ਵੀ ਨਹੀਂ ਮਿਲੇਗੀ।

ਉਹ ਸੜਕ ਪਾਰ ਕਰਕੇ, ਨਵੇਂ ਰੂਟ ਦੀ ਬੱਸ ਲੈਣ ਲਈ ਖੜੋ ਗਈ। ਮੈਂ ਇਸ ਪਾਸੇ ਖੜ੍ਹਾ ਉਸ ਵੱਲ ਦੇਖੀ ਜਾ ਰਿਹਾ ਸਾਂ। ਕੁੜੀ ਨੇ ਹੁਣ ਆਪਣੀ ਐਨਕ ਲਾਹ ਕੇ ਹੱਥ 'ਚ ਫ਼ੜ ਲਈ ਸੀ। ਉਹ ਮੇਰੇ ਵਲ ਦੇਖ ਕੇ ਮੁਸਕਰਾ ਪਈ ਮੇਰੇ ਲੂਅ ਕੰਡੇ ਖੜੇ ਹੋਏ ਗਏ। ਮੈਂ ਹੈਰਾਨ ਸਾਂ ਪੱਥਰ ਦੀ ਦੇਵੀ ਕਿਵੇਂ ਪ੍ਰਗਟ ਹੋ ਗਈ ਸੀ। ਪਰ ਮੈਂ ਹੁਣ ਕਿਉਂ ਪੱਥਰ ਦਾ ਬੁੱਤ ਬਣਦਾ ਜਾ ਰਿਹਾ ਸਾਂ। ਮੈਥੋਂ ਤਾਂ ਉਸ ਦੀ ਮੁਸਕਰਾਹਟ ਦਾ ਜੁਆਬ ਵੀ ਨਹੀਂ ਸੀ ਦਿੱਤਾ ਜਾ ਰਿਹਾ। ਕੁੜੀ ਦੀਆਂ ਬਦਾਮਾਂ ਵਰਗੀਆਂ ਅੱਖਾਂ ਦਾ ਵਾਰ ਮੈਥੋਂ ਝੱਲਿਆ ਹੀ ਨਹੀਂ ਸੀ ਜਾ ਰਿਹਾ।

ਉਸੇ ਵੇਲੇ ਉਹਦੇ ਕੋਲ ਇੱਕ ਬਸ ਆ ਰੁਕੀ। ਉਹ ਫ਼ਿਰ ਮੁਸਕਰਾਈ। ਪਹਿਲਾਂ ਆਪਣਾ ਹੱਥ ਉਤਾਂਹ ਕੀਤਾ ਤੇ ਫਿਰ ਝਟਕ ਦਿੱਤਾ। ਜਿਵੇਂ ਮੈਨੂੰ ਬੁੱਧੂ ਕਹਿ ਰਹੀ ਹੋਵੇ।

ਕਾਲੀ ਐਨਕ ਉਸ ਅੱਖਾਂ 'ਤੇ ਫਿਰ ਉਵੇਂ ਹੀ ਸਜਾ ਲਈ ਤੇ ਬੱਸ ਚੜ੍ਹ ਗਈ। ਉਸ ਦੀ ਬੱਸ ਬਹੁਤ ਦੂਰ ਚਲੀ ਗਈ ਸੀ। ਇਧਰ ਮੈਂ ਆਪਣੀ ਬਸ 'ਚ ਬੈਠਾ ਠੰਡੀ ਹਵਾ 'ਚ ਠਰਦਾ ਹੀ ਜਾ ਰਿਹਾ ਸਾਂ।

**ਵਾਲੀਆ ਹਸਪਤਾਲ**
**ਨਡਾਲਾ** (ਕਪੂਰਥਲਾ)
**ਮੋਬਾ:** 98151-86532

***

# ਮਿੰਨੀ ਕਹਾਣੀਆਂ

## "ਦੁਰਲੱਭ"

**ਕਰਮਵੀਰ ਸਿੰਘ ਸੂਰੀ**

'ਯਾਰ! ਤੂੰ ਹਮੇਸ਼ਾਂ ਗੁਆਚਿਆ ਗੁਆਚਿਆ ਜਿਹਾ ਰਹਿਨੈ, ਗੱਲ ਕੀ ਐ? ਕੁਝ ਗੁਆਚ ਗਿਆ ਤੇਰਾ?"

"ਨਹੀਂ ਤਾਂ, ਬਸ ਐਵੇਂ ਈ।"

"ਜਦੋਂ ਵੀ ਤੈਨੂੰ ਕਿਸੇ ਮਹਿਫਿਲ ਜਾਂ ਕਿਸੇ ਫੰਕਸ਼ਨ 'ਚ ਦੇਖਦਾਂ, ਤੂੰ ਕੁਝ ਖੋਇਆ ਖੋਇਆ ਈ ਰਹਿਨੈ, ਲਟਬੌਰਿਆ ਦੀ ਤਰ੍ਹਾਂ ਤੱਕਦਾ ਰਹਿਨੈਂ ਲੋਕਾਂ ਨੂੰ?"

"ਵੈਸੇ ਈ ਬਸ ਆਦਤ ਜਿਹੀ ਹੋ ਗਈ ਐ, ਇੰਜ ਰਹਿਣ ਦੀ।"

"ਤੈਨੂੰ ਇਵੇਂ ਦਾ ਦੇਖ ਕੇ ਮੈਨੂੰ ਚੰਗਾ ਨਹੀਂ ਲਗਦਾ, ਮੈਂ ਵੀ ਉਦਾਸ ਹੋ ਜਾਨਾ। ਆਪਾਂ ਬਚਪਨ ਦੇ ਦੋਸਤ ਆਂ, ਕੁਝ ਤਾਂ ਤਰਸ ਖਾਹ ਮੇਰੇ 'ਤੇ ਕੁਝ ਤਾਂ ਸਾਂਝਾ ਕਰ ਲਿਆ ਕਰ।"

"ਸੁਭਾਅ ਨਹੀਂ ਬਦਲੇ ਜਾ ਸਕਦੇ ਮੇਰੇ ਯਾਰ।

ਇਹ ਆਪਣੇ ਹੱਥ-ਵੱਸ ਨਹੀਂ ਹੁੰਦੇ।"

"ਪਰ ਤੂੰ ਪਹਿਲਾਂ ਤਾਂ ਇੰਜ ਦਾ ਨਹੀਂ ਸੀ ਤੈਨੂੰ ਕਿਹੜਾ ਮੈਂ ਅੱਜ ਦਾ ਜਾਣਨਾਂ। ਤੇਰੇ ਤਾਂ ਮੈਂ ਚਿਹਰੇ ਤੋਂ ਸਾਫ ਪੜ੍ਹ ਲੈਨਾਂ ਕਿ ਤੂੰ ਉਦਾਸ ਐਂ, ਖੁਸ਼ ਐਂ, ਝੂਠ ਬੋਲ ਰਿਹੈ ਕਿ ਚਲਾਕੀ-ਚਤਰਾਈ ਕਰ ਰਿਹੈਂ।"

"ਤੂੰ ਤਾਂ ਐਵੇਂ ਖਹਿੜੇ ਈ ਪੈ ਗਿਐਂ, ਨਿਆਣਿਆਂ ਦੀ ਤਰ੍ਹਾਂ। ਅਸਲ 'ਚ ਗੱਲ ਇਹ ਐ ਕਿ ਮੈਂ ਇਕ ਚਿਹਰੇ ਵਾਲਾ ਇਨਸਾਨ ਲੱਭਦਾ ਰਹਿਨਾਂ, ਜਿਹੜਾ ਅੰਦਰੋਂ-ਬਾਹਰੋਂ ਇਕ ਹੋਵੇ। ਉਸ ਦੀ ਤਲਾਸ਼ 'ਚ ਹਾਂ ਬਸ, ਲੱਭ ਨਹੀਂ ਰਿਹਾ, ਬੜਾ ਦੁਰਲੱਭ ਹੋ ਗਿਐ ਇਹੋ ਜਿਹਾ ਆਦਮੀ।"

ਹੁਣ ਉਹ ਇਕ ਟਕ ਲਾ ਕੇ, ਨੀਝ ਲਾ ਕੇ ਇਕ-ਦੂਜੇ ਦੇ ਚਿਹਰੇ ਵੱਲ ਤੱਕ ਰਹੇ ਸਨ, ਜਿਵੇਂ ਕੁਝ ਲੱਭ ਰਹੇ ਹੋਣ ਅਤੇ ਕਹਾਣੀ ਦਾ ਆਗਾਜ਼ ਆਪਣੇ ਤੋਂ ਹੀ ਸ਼ੁਰੂ ਕਰਨਾ ਚਾਹੁੰਦੇ ਹੋਣ।

48, ਰਤਨ ਨਗਰ ਐਕਸਟੈਨਸ਼ਨ, ਤ੍ਰਿਪੜੀ ਰੋਡ, ਪਟਿਆਲਾ.
ਮੋਬਾ: 9855800103

***

## ਪਛਾਣ

*ਮਨਪ੍ਰੀਤ ਕੌਰ ਭਾਟੀਆ*

ਉਨ੍ਹਾਂ ਦੀ ਸਹਾਿਤਕ ਮਿਲਣੀ ਦੌਰਾਨ ਅਕਸਰ ਉਸ ਲੇਖਕ ਦੀਆਂ ਰਚਨਾਵਾਂ ਬਾਰੇ ਵਿਚਾਰ-ਵਟਾਂਦਰਾ ਹੁੰਦਾ। ਉਹ ਸਭ ਉਸ ਤੋਂ ਡਾਹਢੇ ਪ੍ਰਭਾਵਿਤ ਸੀ।

"ਹਾਏ! ਕਿੰਨੀ ਕਸਕ, ਇਕ ਟੀਸ ਜਿਹੀ ਹੁੰਦੀ ਐ ਉਸਦੀ ਹਰ ਰਚਨਾ 'ਚ। ਔਰਤ ਦੇ ਦੁੱਖਾਂ ਬਾਰੇ ਇਵੇਂ ਲਿਖਦੈ, ਜਿਵੇਂ ਖ਼ੁਦ ਔਰਤ ਹੋਵੇ। ਵਾਕਿਆ ਈ ਬਈ ਉਹਦੀ ਹਰ ਰਚਨਾ ਦਿਲ 'ਤੇ ਗਹਿਰੀ ਛਾਪ ਛੱਡਦੀ ਐ," ਸਭ ਲਿਖਾਰੀ ਉਸ ਲੇਖਕ ਬਾਰੇ ਕੁਝ ਨਾ ਕੁਝ ਵਿਚਾਰ ਜ਼ਰੂਰ ਪ੍ਰਗਟ ਕਰਦੇ।

ਇਕ ਸ਼ਾਮ ਉਨ੍ਹਾਂ ਸਭਨਾਂ ਨੇ ਵਿਚਾਰ ਬਣਾਇਆ ਕਿ ਕਿਉਂ ਨਾ ਉਸ ਲੇਖਕ ਨੂੰ ਮਿਲਿਆ ਜਾਏ ਤੇ ਉਸ ਦੇ ਗੁਣਾਂ ਨੂੰ ਸਾਂਝਾ ਕੀਤਾ ਜਾਵੇ।

ਤੇ ਕੁਝ ਸਮੇਂ ਮਗਰੋਂ ਉਹ ਸਭ ਉਸਦੇ ਘਰ ਜਾ ਪਧਾਰੇ। ਦਰਵਾਜ਼ਾ ਖੁੱਲ੍ਹਾ ਸੀ। ਅੰਦਰ ਵੜਦੇ ਹੀ ਉਹ ਹੈਰਾਨ ਰਹਿ ਗਏ।

"ਹਾਏ! ਓ ਹੋ!! ਇਹ ਕੀ? ਹਾਏ ਰੱਬ! ਇੰਨਾ ਜ਼ੁਲਮ!!" ਉਹਨਾਂ ਸਭਨਾਂ ਦੇ ਮੂੰਹੋਂ ਕੁਝ ਨਾ ਕੁਝ ਨਿਕਲਿਆ।

ਉਹ ਲੇਖਕ ਸ਼ਰਾਬੀ ਹੋਇਆ ਆਪਣੀ ਵਹੁਟੀ ਨੂੰ ਨਿਰਦੈਤਾ ਨਾਲ ਕੁੱਟ ਰਿਹਾ ਸੀ।

"ਤੁਸੀਂ... ਤੁਸੀਂ ਕੌਣ?" ਉਹ ਲੇਖਕ ਉਨ੍ਹਾਂ ਸਭਨਾਂ ਨੂੰ ਦੇਖ ਕੇ ਇਕਦਮ ਤ੍ਰਭਕਿਆ। ਉਹ ਬਿਨਾਂ ਕੁਝ ਬੋਲੇ ਨਿਰਾਸ਼ ਮਨ ਤੇ ਬੋਝਲ ਕਦਮਾਂ ਨਾਲ ਉਥੋਂ ਨਿਕਲ ਪਏ।

"ਸਾਲੇ ਪਾਗਲ, ਐਵੇਂ ਮੂੰਹ ਚੁੱਕੀ ਤੁਰੇ ਆਉਂਦੇ," ਲੇਖਕ ਬੁੜਬੁੜਾਇਆ।

"ਨਾ ਤੇਰੇ ਤੋਂ ਬੂਹਾ ਲਾ ਕੇ ਨੀ ਰੱਖ ਹੁੰਦਾ।" ਉਨ੍ਹਾਂ ਆਪਣੀ ਸਿਸਕ ਰਹੀ ਪਤਨੀ ਨੂੰ ਇਕ ਹੋਰ ਜੜਦਿਆਂ ਕਿਹਾ ਤੇ ਉਸ ਦੀਆਂ ਸਿਸਕੀਆਂ ਦੀ ਆਵਾਜ਼ ਬਾਹਰ ਤੱਕ ਗੂੰਜਣ ਲੱਗੀ।

42, ਗਲੀ-2, ਕੁੰਦਨ ਨਗਰ ਐਕਸ-2
ਫਿਰੋਜ਼ਪੁਰ ਸ਼ਹਿਰ - 152002

***

## ਮਿੱਟੀ

**ਨਾਇਬ ਸਿੰਘ 'ਸੈਂਪਲੇ'**

"ਭਾਈ ਸਾਹਿਬ, ਇਹ ਘੜਿਆਂ ਦਾ ਕੀ ਰੇਟ ਹੈ?" ਇਕ ਬੰਦੇ ਨੇ ਘੁਮਿਆਰ ਨੂੰ ਪੁੱਛਿਆ। "ਇਨ੍ਹਾਂ ਦਾ ਰੇਟ ਤਾਂ ਅਲੱਗ-ਅਲੱਗ ਹੈ, ਤੁਸੀਂ ਕਿਹੜੇ ਘੜੇ ਦਾ ਰੇਟ ਪੁੱਛ ਰਹੇ ਹੋ?" ਅੱਗੋਂ ਘੁਮਿਆਰ ਨੇ ਵੀ ਪ੍ਰਸ਼ਨ ਕਰ ਦਿੱਤਾ। "ਚਲੋ ਇਨ੍ਹਾਂ ਦੇ ਵੱਖਰੇ-ਵੱਖਰੇ ਰੇਟ ਹੀ ਦੱਸ ਦਿਓ"। "ਜਨਾਬ, ਇਹ ਘੜੇ ਤਾਂ 15-15 ਰੁਪਏ ਦੇ ਨੇ, ਆਹ 20-20 ਰੁਪਏ ਦੇ, ਤੇ ਅਹੁ 25-25 ਰੁਪਏ ਦੇ ਨੇ"।

"ਭਾਈ ਸਾਹਬ ਜੀ, ਇਹ ਤਾਂ ਸਾਰੇ ਹੀ ਮਿੱਟੀ ਦੇ ਬਣੇ ਨੇ ਫਿਰ ਰੇਟ ਅਲੱਗ-ਅਲੱਗ

ਕਿਉਂ ?" "ਜਨਾਬ ਜੀ, ਇਹ ਅਲੱਗ-ਅਲੱਗ ਮਿੱਟੀ ਦੇ ਬਣੇ ਨੇ, ਕੋਈ ਘੜਾ ਰੇਤਲੀ ਮਿੱਟੀ ਦਾ ਹੈ ਕੋਈ ਲਾਲ ਮਿੱਟੀ ਦਾ ਤੇ ਕੋਈ ਚੀਕਣੀ ਮਿੱਟੀ ਦਾ"। ਘੁਮਿਆਰ ਨੇ ਜਵਾਬ ਦਿੱਤਾ। "ਪਰ ਦਿਸਦੇ ਸਾਰੇ ਇਕੋ ਜਿਹੇ ਨੇ ਲਾਲ ਰੰਗ ਦੇ"।

"ਹਾਂ, ਜਨਾਬ, ਇਹ ਪੱਕ ਕੇ ਇੱਕੋ ਜਿਹੇ ਲੱਗਦੇ ਨੇ ਪਰ ਇਨ੍ਹਾਂ ਨੂੰ ਵਰਤਣ ਤੋਂ ਪਤਾ ਲੱਗੇਗਾ ਕਿ ਇਨ੍ਹਾਂ ਦੇ ਰੇਟ ਕਿਉਂ ਅਲੱਗ-ਅਲੱਗ ਨੇ"।

"ਹਾਂ-ਇਹ ਗੱਲ ਤਾਂ ਠੀਕ ਹੈ ਭਾਈ ਸਾਹਬ, ਬੰਦਾ ਵੀ ਤਾਂ ਮਿੱਟੀ ਦਾ ਹੀ ਬਣਿਆ ਹੋਇਆ ਹੈ, ਪਰ ਵਰਤਣ ਤੋਂ ਜ਼ਰੂਰ ਪਤਾ ਲੱਗ ਜਾਂਦਾ ਹੈ ਕਿ ਇਹ ਬੰਦਾ ਕਿਹੜੀ ਮਿੱਟੀ ਦਾ ਬਣਿਆ ਹੈ, ਚਲੋ ਹੁਣ ਤੁਸੀਂ ਮੈਨੂੰ ਕੋਈ ਵੀ ਘੜਾ ਦੇ ਦਿਓ ਆਪੇ ਵਰਤ ਕੇ ਪਤਾ ਲੱਗ ਜੂ, ਮਿੱਟੀ-ਮਿੱਟੀ ਦਾ ਫਰਕ। ਉਹ ਹੱਸਦਾ ਹੋਇਆ ਇਕ ਘੜਾ ਲੈ ਗਿਆ ਸੀ।

ਮਕਾਨ ਨੰ. 20-ਪੀ, ਨੰਗਲ ਟਾਊਨਸ਼ਿਪ।
ਮੋ: 9872405203

***

# ਫੌਜੀ ਚਾਚਾ

*ਰਘਬੀਰ ਸਿੰਘ ਮਹਿਮੀ*

ਫ਼ੌਜੀ ਚਾਚਾ ਕਦੇ-ਕਦੇ ਆਪਣੀ ਗੁਜ਼ਰ ਚੁੱਕੀ ਪਤਨੀ ਨੂੰ ਯਾਦ ਕਰਦਿਆਂ ਰੰਮ ਦਾ ਇਕ-ਅੱਧਾ ਪੈੱਗ ਰੋਟੀ ਖਾਣ ਵੇਲੇ ਲਾ ਲਿਆ ਕਰਦਾ ਸੀ ਪਰ ਘਰ ਦੇ ਨਿੱਤ ਦੇ ਕਲੇਸ਼ ਤੋਂ ਤੰਗ ਆ ਕੇ ਉਸ ਨੇ ਇਹ ਵੀ ਛੱਡ ਦਿੱਤਾ ਸੀ।

ਅੱਜ ਚਾਚੇ ਨੇ ਘਰ ਲਈ ਫੌਜੀ ਕੰਟੀਨ ਤੋਂ ਸਮਾਨ ਲੈ ਆਂਦਾ ਤਾਂ ਉਸ ਦੀ ਪੋਤੀ ਨੇ ਟੀ ਬੈਗ ਵਾਲੇ ਡੱਬੇ 'ਚੋਂ ਇਕ ਟੀ ਬੈਗ ਕੱਢ ਕੇ ਕੱਚ ਦੇ ਗਲਾਸ ਵਿੱਚ ਪਾ ਦਿੱਤਾ ਤੇ ਫੇਰ ਧਾਗੇ ਨੂੰ ਫੜ ਕੇ ਹਿਲਾਉਣ ਲੱਗ ਪਈ। ਦੇਖਦੇ ਹੀ ਦੇਖਦੇ ਪਾਣੀ ਦਾ ਰੰਗ ਰੰਮ ਵਰਗਾ ਹੋ ਗਿਆ।

ਐਨੇ ਨੂੰ ਫ਼ੌਜੀ ਦੀ ਨੂੰਹ ਆ ਗਈ, 'ਬਾਪੂ ਫੇਰ ਸ਼ੁਰੂ ਕਰ ਤੀ ?" ਓ ਨਹੀਂ ਭਾਈ, ਇਹ ਸ਼ਰਾਬ ਨੀ, ਇਹ ਤਾਂ ਚਾਹ ਪੱਤੀ ਆਲਾ ਪਾਣੀ ਐ, ਰੋਮੀ ਨੇ ਪਾਣੀ 'ਚ ਚਾਹ ਦੀ ਪੁੜੀ ਘੋਲ ਤੀ।" ਫ਼ੌਜੀ ਨੇ ਡਰਦਿਆਂ ਡਰਦਿਆਂ ਸੱਚੀ ਗੱਲ ਦੱਸ ਦਿੱਤੀ।

"ਹੂੰ! ਬਾਪੂ ਕਿਉਂ ਬੁੜ੍ਹੀਆਂ ਨੂੰ ਗਿੱਧਾ ਸਿਖਾਨੈਂ, ਜੰਞ ਚੜ੍ਹੀ ਨਹੀਂ, ਚੜ੍ਹਦਿਆਂ ਨੂੰ ਤਾਂ ਦੇਖਿਆ ?"

220 - ਗਰੀਨ ਪਾਰਕ ਕਲੋਨੀ
ਸਰਹਿੰਦ ਰੋਡ, ਪਟਿਆਲਾ-147004
ਮੋਬਾ : 96460-24321

***



*ਨਾਟਕ*

# ਮੈਂ ਮਹਾਂਪੁਰਸ਼ ਨਹੀਂ ਹਾਂ

**(ਦੂਸਰੀ ਕਿਸ਼ਤ)**

*ਸਤਵਿੰਦਰ ਬੇਗੋਂਵਾਲੀਆ*



ਪਾਤਰ
ਚਰਨ ਸਿੰਘ : ਤਰਕਸ਼ੀਲ ਸੋਚ ਵਾਲਾ ਆਦਮੀ ਜੋ ਮਜਬੂਰੀ ਕਾਰਨ ਸਾਧ ਬਣਦਾ ਹੈ।
ਭਾਨ ਸਿੰਘ, ਮੋਹਨ : ਦੋਵੇਂ ਭੇਖੀ ਸਾਧ
ਬੰਤੂ : ਭਾਨ ਸਿੰਘ ਦਾ ਪਿਉ
ਜਗਤਾ : ਇਕ ਅਨਪੜ੍ਹ ਕਿਸਾਨ
ਔਰਤ: ਇਕ ਸ਼ਰਧਾਲੂ
ਭੁੱਲਾ : ਥੋੜ੍ਹਾ ਪੜ੍ਹਿਆ ਇੱਕ ਨੌਜਵਾਨ
ਅੰਗਰੇਜ਼ : ਖੋਜ ਕਰਨ ਵਾਲਾ ਇੱਕ ਯਾਤਰੀ
ਚੇਲਾ
ਸਾਧ
ਕਿਸ਼ਤ ਨੰ : 1 ਦਾ ਸਾਰ

ਚਰਨ ਸਿੰਘ ਇੱਕ ਤਰਕਸ਼ੀਲ ਆਦਮੀ ਹੈ ਪਰ ਹਾਲਾਤਾਂ ਦੀ ਮਜਬੂਰੀ ਕਾਰਨ ਸਾਧ ਬਣ ਜਾਂਦਾ ਹੈ ਪਰ ਉਸ ਦੇ ਮਨ ਅੰਦਰਲੀ ਸੋਚ ਵਿਗਿਆਨਕ ਹੀ ਰਹਿੰਦੀ ਹੈ। ਦੂਸਰੇ ਪਾਸੇ ਉਸ ਦੇ ਦੋ ਜਮਾਤੀ ਭਾਨ ਸਿੰਘ ਅਤੇ ਮੋਹਨ ਪੜ੍ਹਾਈ ਵਿੱਚ ਦਿਲਚਸਪੀ ਨਹੀਂ ਲੈਂਦੇ। ਸਿੱਟੇ ਵਜੋਂ ਬੀ.ਏ. ਪਾਸ ਕਰਨ ਤੋਂ ਵੀ ਅਸਮਰੱਥ ਹਨ। ਰੁਜ਼ਗਾਰ ਦਾ ਸੌਖਾ ਰਾਹ ਲੱਭਦੇ ਲੱਭਦੇ ਸਾਧ ਬਣ ਜਾਂਦੇ ਹਨ ਅਤੇ ਇੱਕ ਪਛੜੇ ਇਲਾਕੇ ਵਿੱਚ ਡੇਰਾ ਚਲਾ ਲੈਂਦੇ ਹਨ ਅੱਗੋਂ ਇਸ ਕਿਸ਼ਤ ਵਿੱਚ.....

ਪਿੱਛੋਂ ਆਵਾਜ਼ : ਇਸ ਤਰ੍ਹਾਂ ਭਾਨ ਸਿੰਘ ਅਤੇ ਮੋਹਨ ਮਹਾਂਪੁਰਸ਼ ਬਣ ਬੈਠੇ, ਉਨ੍ਹਾਂ ਨੇ ਵਿਦਿਆਰਥੀਆਂ ਵਾਲੇ ਪਹਿਰਾਵੇ ਉਤਾਰ ਕੇ ਸਾਧੂਆਂ ਵਾਲੇ ਪਹਿਰਾਵੇ ਪਹਿਨ ਲਏ ਅਤੇ ਇੱਕ ਥਾਂ ਕੁਟੀਆ ਬਣਾ ਕੇ ਰਹਿਣ ਲੱਗੇ। ਕੁਟੀਆ ਪਿੰਡ ਦੇ ਬਾਹਰਵਾਰ ਸੜਕ ਦੇ ਨੇੜੇ ਬਣਾਈ ਸੀ।

ਭਾਨ ਸਿੰਘ : (ਸਮਾਧੀ ਵਿੱਚ) ਦੋ ਦਿਨ ਹੋ ਗਏ ਬਹੁੜਿਆ ਨਹੀਂ ਕੋਈ ਭਗਤ।

ਮੋਹਨ : ਤੁਸੀਂ ਡਟੇ ਰਹੋ ਸਮਾਧੀ ਲਾ ਕੇ। ਇਨ੍ਹਾਂ ਲੋਕਾਂ ਨੇ ਜਾਣਾ ਕਿਹੜੇ ਪਿਓ ਕੋਲ ਏ। ਅੱਜ ਸਵੇਰੇ ਜਿਹੜਾ ਪਿੰਡ ਦਾ ਗੇੜਾ ਲਾ ਆਏ ਹਾਂ ਧਾਰਮਿਕ ਟੋਟਕੇ ਗਾਉਂਦੇ ਗਾਉਂਦੇ, ਅਸਰ ਪੱਕਾ ਹੋਇਆ ਹੋਵੇਗਾ ਲੋਕਾਂ ਤੇ।

ਭਾਨ ਸਿੰਘ : ਦੇਰ ਸਵੇਰ ਲੋਕ ਇਥੇ ਹੀ ਆਉਣਗੇ। ਇਥੋਂ ਦੇ ਲੋਕ ਪੂਰੇ ਬੁੱਧੂ ਨੇ, ਵਹਿਮਾਂ ਭਰਮਾਂ ਦੇ ਮਾਰੇ।

ਮੋਹਨ : ਤੁਸੀਂ ਸਿੱਧਾ ਵਿੰਗਾ ਕੋਈ ਟੋਟਕਾ ਛਡ ਦਿਓ, ਖੇਤਾਂ 'ਚ ਕੰਮ ਕਰਦੇ ਕੁਝ ਲੋਕ ਸੁਣਨਗੇ ਤਾਂ ਆਪੇ ਦੌੜੇ ਆਉਣਗੇ।

ਭਾਨ ਸਿੰਘ : ਮਾੜਾ ਮੋਟਾ ਵਾਜਾ ਵਜਾ ਈ ਲਈਦੈ। ਮੈਂ ਬੋਲਣਾਂ ਤੇ ਤੂੰ ਪਿੱਛੇ-ਪਿੱਛੇ ਫੱਟੇ ਚੁੱਕੀ ਜਾ। (ਗਾਉਂਦਾ ਹੋਇਆ)

ਨਾਮ ਜਪ ਲੈ ਨਿਮਾਣੀਏ ਜਿੰਦੇ, ਔਖੇ ਵੇਲੇ ਕੰਮ ਆਏਗਾ।

ਮੋਹਨ : ਜੀ ਔਖੇ ਵੇਲੇ ਕੰਮ ਆਏਗਾ।

ਭਾਨ ਸਿੰਘ : ਨਾਮ ਜੱਪਿਆ ਨਾ ਭਗਤੀ ਕੀਤੀ, ਕਿਥੋਂ ਭਾਲੇਂ ਰਾਜ ਗੱਦੀਆਂ।

ਮੋਹਨ : ਹਾਂ ਜੀ ਹਾਂ ਜੀ, ਕਿੱਥੋਂ ਭਾਲੇਂ ਰਾਜ ਗੱਦੀਆਂ।

ਭਾਨ ਸਿੰਘ : ਇੱਕ ਸਵਾਲ ਉਠਿਐ ਮਨ ਵਿੱਚ...

ਮੋਹਨ : ਕਿਹੜਾ ਸਵਾਲ ?

ਭਾਨ ਸਿੰਘ : ਐਸ ਇਲਾਕੇ ਵਿੱਚ ਪੜ੍ਹਿਆ ਲਿਖਿਆ ਬੀ.ਏ. ਪਾਸ ਤਾਂ ਨਹੀਂ ਹੋਣਾ ? ਐਵੇਂ ਕੋਈ ਪਤੰਦਰ ਆ ਕੇ ਸਾਡੀ ਫੱਟੀ ਨਾ ਪੋਚ ਦੇਵੇ। ਕਈ ਇਲਾਕਿਆਂ ਵਿੱਚ ਤਾਂ ਤਰਕਸ਼ੀਲ ਸੁਸਾਇਟੀਆਂ ਵਾਲੇ ਸਾਧਾਂ ਮਗਰ ਹੱਥ ਧੋ ਕੇ ਪੈ ਗਏ ਨੇ।

ਮੋਹਨ : ਘਬਰਾਓ ਨਾ, ਇਸ ਇਲਾਕੇ 'ਚ ਤਰਕਸ਼ੀਲਾਂ ਦਾ ਕੋਈ ਯੂਨਿਟ ਨਹੀਂ, ਨਾਲੇ ਲੋਕ ਕਿਹੜਾ ਉਨ੍ਹਾਂ 'ਤੇ ਇਤਬਾਰ ਕਰਨਗੇ। ਇੱਕ ਬੰਦਾ ਆ ਰਿਹੈ, ਛੱਡੋ ਕੋਈ ਰਾਗ...

ਭਾਨ ਸਿੰਘ : (ਗਾਉਂਦਾ ਹੋਇਆ) ਸੇਵਾ ਨੂੰ ਮੇਵਾ ਲੱਗਦਾ, ਕਰਕੇ ਕੋਈ ਵੇਖ ਲਏ। ਸੇਵਾ ਨੂੰ ਮੇਵਾ...

ਮੋਹਨ : ਕਰਕੇ ਕੋਈ ਵੇਖ ਲਏ ਸੇਵਾ ਨੂੰ ਮੇਵਾ ਲੱਗਦਾ...
(ਜਗਤਾ ਆ ਕੇ ਮੱਥਾ ਟੇਕਦਾ ਹੈ)

ਭਾਨ ਸਿੰਘ : ਆ ਭਗਤਾ, ਕਿਵੇਂ ਆਉਣਾ ਹੋਇਐ ?

ਜਗਤਾ : ਬਾਬਾ ਜੀ, ਮੈਂ ਪੈਲੀ ਵਿੱਚ ਪੱਠੇ ਵੱਢਦਾ ਪਿਆ ਸੀ। ਦਿਲ ਕੀਤਾ ਤੁਹਾਡੇ ਦਰਸ਼ਨ ਕਰ ਲਵਾਂ, ਹਿਰਦੇ ਠੰਡ ਪੈ ਜਾਵੇਗੀ।

ਮੋਹਨ : ਬਾਬਾ ਜੀ ਦੇ ਜਿਹੜਾ ਬੰਦਾ ਵੀ ਦਰਸ਼ਨ ਦੀਦਾਰੇ ਕਰ ਲੈਂਦੈ, ਉਹਦੀ ਚੁਰਾਸੀ ਕੱਟੀ ਜਾਂਦੀ ਏ। ਬਾਬਾ ਜੀ ਸਾਰੇ ਭਾਰਤਵਰਸ਼ ਦੀ ਯਾਤਰਾ ਮੁਕੰਮਲ ਕਰਕੇ ਇਥੇ ਬਿਰਾਜਮਾਨ ਹੋਏ ਨੇ।

ਜਗਤਾ : ਫਿਰ ਤਾਂ ਸਮਝੋ ਧਰਤੀ ਨੂੰ ਭਾਗ ਲੱਗ ਗਏ। ਧੰਨ ਹੋ ਬਾਬਾ ਜੀ, ਹੁਕਮ ਕਰੋ ਕੀ ਸੇਵਾ ਕਰਾਂ ? ਰੋਟੀ, ਪਾਣੀ, ਤੋਰੀ ਫੁਲਕਾ...

ਮੋਹਨ : ਬਾਬਾ ਜੀ ਕੁੱਝ ਮੰਗਦੇ ਨਹੀਂ, ਇਹ ਤਾਂ ਸੰਗਤਾਂ ਆਪਣੀ ਸ਼ਰਧਾ ਮੁਤਾਬਿਕ ਤਿਲ ਫੁੱਲ ਲੈ ਆਉਂਦੀਆਂ ਨੇ ਤੇ ਜੀਵਨ ਸਫਲਾ ਕਰਦੀਆਂ ਨੇ।

ਜਗਤਾ : ਬਾਬਾ ਜੀ, ਆਗਿਆ ਬਖਸ਼ੋ। ਮੈਂ ਹੁਣੇ ਲੰਗਰ ਪਕਵਾ ਕੇ ਆਇਆ।

ਮੋਹਨ : ਬਾਬਾ ਜੀ, ਦਿਓ ਆਗਿਆ। ਲੰਗਰ ਪ੍ਰਵਾਨ ਕਰੋ ਇਸ ਰੱਬ ਦੇ ਪਿਆਰੇ ਦਾ।

ਭਾਨ ਸਿੰਘ : ਜੇ ਸੱਚੀ ਸ਼ਰਧਾ ਏ ਤਾਂ...

ਜਗਤਾ : ਹਾਂ ਬਾਬਾ ਜੀ...

ਮੋਹਨ : ਤਾਂ ਦੇਰ ਕਿਸ ਬਾਤ ਕੀ ? ਤੂੰ ਜਲਦੀ ਜਲਦੀ ਮੋਰਚਾ ਮਾਰ ਲੈ, ਪਤਾ ਨਹੀਂ ਕਦ ਬਾਬਾ ਜੀ ਦੀ ਸਮਾਧੀ ਲੱਗ ਜਾਏ, ਫਿਰ ਭਾਵੇਂ ਚਾਰ ਘੰਟੇ ਸਮਾਧੀ ਨਾ ਹੀ ਖੁੱਲ੍ਹੇ।



ਜਗਤਾ : ਅੱਛਾ ਬਾਬਾ ਜੀ, ਮੈਂ ਗਿਆ ਤੇ ਆਇਆ ਖੋਟੇ ਪੈਸੇ ਵਾਂਗੂੰ।
(ਜਗਤਾ ਚਲਾ ਜਾਂਦਾ ਹੈ)

ਮੋਹਨ : ਹੱਟੀ ਚੱਲ ਪਈ ਏ।

ਭਾਨ ਸਿੰਘ : ਭਗਤੀ 'ਚ ਸ਼ਕਤੀ, ਚੌਂਕੜੀ ਮਾਰ ਕੇ ਬੈਠਾਂ, ਮੇਰੀਆਂ ਤਾਂ ਜਿਵੇਂ ਲੱਤਾਂ ਜੁੜ ਗਈਆਂ ਨੇ।

ਮੋਹਨ : ਲੱਤਾਂ ਘੁੱਟਣ ਵਾਲੇ ਵੀ ਬਥੇਰੇ ਆ ਜਾਣਗੇ। ਚੌਂਕੜੀ ਮਾਰਿਆਂ ਰੋਟੀ ਮਿਲਦੀ ਹੋਵੇ ਤਾਂ ਹੋਰ ਕੀ ਚਾਹੀਦੈ ? ਖੇਤੀ ਦੇ ਕੰਮਾਂਕਾਰਾਂ 'ਚ ਤਾਂ ਬੰਦਾ ਭੂਤ ਬਣ ਜਾਂਦੈ।

ਪਿੱਛੋਂ ਆਵਾਜ਼ : ਥੋੜ੍ਹੇ ਸਮੇਂ ਵਿੱਚ ਇਲਾਕੇ ਵਿੱਚ ਬਾਬਾ ਭਾਨ ਸਿੰਘ ਦੀ ਚੰਗੀ ਭੱਲ ਬਣ ਗਈ। ਉਨ੍ਹਾਂ ਦੇ ਡੇਰੇ 'ਤੇ ਖੂਬ ਰੌਣਕਾਂ ਹੁੰਦੀਆਂ। ਦਾਨੀ ਟੁੱਟ ਕੇ ਪੈ ਗਏ ਤੇ ਜਲਦੀ ਹੀ ਉਥੇ ਇੱਕ ਇਮਾਰਤ ਉਸਰਨੀ ਸ਼ੁਰੂ ਹੋ ਗਈ।

ਮੋਹਨ : ਹੁਣ ਤਾਂ ਦੇਵੀਆਂ ਵੀ ਤੁਹਾਡੇ ਚਰਨੀਂ ਲੱਗਣ ਲੱਗ ਪਈਆਂ ਨੇ।

ਭਾਨ ਸਿੰਘ : ਸਾਰਾ ਪਰਤਾਪ ਈ ਦੇਵੀਆਂ ਦਾ ਏ, ਹੁਣ ਤਾਂ ਐਂ ਜਾਪਦੈ ਜਿਵੇਂ ਅਸੀਂ ਸੱਚੀ ਦੇ ਮਹਾਂਪੁਰਸ਼ ਬਣ ਗਏ ਹਾਂ।

ਮੋਹਨ : ਜੈ ਬੀਬੀਆਂ ਦੀ।

ਭਾਨ ਸਿੰਘ : ਬੋਲ ਜੈ ਸੰਤਾਂ ਦੀ। ਸੰਤ ਨਾ ਡੇਰੇ ਲਾਉਂਦੇ ਤਾਂ ਬੀਬੀਆਂ ਕਿੱਥੋਂ ਮੱਥੇ ਲਗਦੀਆਂ ? ਹੁਣ ਤਾਂ ਸਾਡੀ ਮਨਸ਼ਾ ਏ ਸਾਡੇ ਪਾਸ ਮਾਇਆ ਦੇ ਭੰਡਾਰ ਹੋਣ, ਡੇਰੇ ਲਈ ਜ਼ਮੀਨ ਵੀ ਕਾਬੂ ਕਰਨੀ ਏ ਕੌਡੀਆਂ ਦੇ ਭਾਅ। ਨਵੇਂ ਤੋਂ ਨਵੇਂ ਮਾਡਲ ਦੀ ਕਾਰ ਹੋਵੇ, ਦੂਰ ਦੂਰ ਤੱਕ ਸੈਰ ਹੋਵੇ। ਧਾਰਮਿਕ ਮੇਲਿਆਂ ਵਾਲੀਆਂ ਥਾਵਾਂ ਤੋਂ ਸਾਨੂੰ ਸੱਦਾ ਪੱਤਰ ਆਉਣ। ਇਸ਼ਤਿਹਾਰਾਂ ਵਿੱਚ ਸਾਡਾ ਨਾਂ ਲਿਖਿਆ ਹੋਵੇ। ਪਿੰਡਾਂ ਤੇ ਸ਼ਹਿਰਾਂ ਦੇ ਚੌਂਕਾਂ ਵਿੱਚ ਬੋਰਡਾਂ ਉੱਪਰ ਸਾਡੀ ਫੋਟੋ ਹੋਵੇ।

ਮੋਹਨ : ਕਈ ਬੀਬੀਆਂ ਵੇਖ ਕੇ ਤਾਂ ਮਨ ਈ ਡੋਲ ਜਾਂਦੈ। ਕਿਸੇ ਸੋਹਣੀ ਜਿਹੀ ਮੁਟਿਆਰ ਨਾਲ ਵਿਆਹ ਹੋ ਜਾਏ। ਗ੍ਰਿਹਸਤ ਵੀ ਚਲਦਾ ਰਹੇ ਤੇ ਫਕੀਰੀ ਵੀ। ਬਾਬਾ ਜੀ, ਛੇੜੋ ਕੋਈ ਰਾਗ, ਇੱਕ ਦੇਵੀ ਪਧਾਰ ਰਹੀ ਏ। (ਔਰਤ ਆਉਂਦੀ ਹੈ)

ਭਾਨ ਸਿੰਘ : ਤੇਰੇ ਦਰ ਤੇ ਫਕੀਰ ਆਏ, ਮਿਹਰ ਕਰੀਂ ਮੇਰੇ ਮਾਲਕਾ।

ਮੋਹਨ : ਮਿਹਰ ਕਰੀਂ ਮੇਰੇ ਮਾਲਕਾ...

ਔਰਤ : ਬਾਬਾ ਜੀ ਦੀ ਜੈ ਹੋਏ... (ਸੌ ਰੁਪਏ ਰੱਖ ਕੇ ਮੱਥਾ ਟੇਕਦੀ ਹੈ)

ਭਾਨ ਸਿੰਘ : ਰਾਜੀ ਰਹੋ, ਦੇਹ ਅਰੋਗਤਾ ਦਾਨ, ਚੜ੍ਹਦੀ ਕਲਾ 'ਚ ਰਹੋ। ਭਗਤੋ ! ਸਾਡੇ ਪਾਸ ਕਿਵੇਂ ਆਏ ?

ਔਰਤ : ਬਾਬਾ ਜੀ, ਵੱਡੇ ਮੁੰਡੇ ਚੰਚਲ ਦੇ ਪੈਸੇ ਭਰੇ ਨੇ ਏਜੰਟ ਕੋਲ। ਬਾਹਰ ਠੀਕ ਠਾਕ ਪਹੁੰਚ ਜਾਏਗਾ ਨਾ ?

ਭਾਨ ਸਿੰਘ : (ਅੱਖਾਂ ਮੀਟ ਕੇ) ਚੰਚਲ ਚੱਲਿਐ ਬਾਹਰ, ਮੁਸ਼ਕਲ ਤੋੜ ਕੰਮ ਸੰਵਾਰ। ਡੁੱਬਦਾ ਬੇੜਾ ਲਾ ਦੇ ਪਾਰ। ਬੀਬੀ ! ਮੁੰਡਾ ਅਵੱਛ ਪਹੁੰਚੇਗਾ, ਕੁੱਝ ਦੇਰ ਹੋ

ਸਕਦੀ ਏ, ਅੰਧੇਰ ਨਹੀਂ। ਏਜੰਟ ਥੋੜ੍ਹਾ ਤੇਜ਼ ਏ ਪਰ ਮੁਸ਼ਕਿਲ ਖਤਮ ਹੋਵੇਗੀ।

ਔਰਤ : ਬਾਬਾ ਜੀ, ਅਰਦਾਸ ਕਰ ਦਿਓ, ਟੁੱਟ ਪੈਣੀ ਸਰਕਾਰ ਨੇ ਸਖਤੀ ਬੜੀ ਕਰ ਦਿੱਤੀ ਏ ਬਾਹਰ ਜਾਣ 'ਤੇ।

ਭਾਨ ਸਿੰਘ : ਸਖ਼ਤੀ ਕੀਤੀ ਹੈ ਜ਼ਰੂਰ, ਪਰ ਮੁਸ਼ਕਿਲ ਹੋ ਜੂ ਚੂਰ ਚੂਰ। ਅਰਦਾਸਾਂ ਨੂੰ ਪਵੇਗਾ ਬੂਰ, ਪੈਸਾ ਕਮਾਵੇਗਾ ਭਰਪੂਰ।

ਔਰਤ : ਬਾਬਾ ਜੀ, ਤੁਹਾਡੇ ਬਚਨ ਸੁਣ ਕੇ ਮਨ ਦੀ ਚਿੰਤਾ ਦੂਰ ਹੋ ਗਈ ਏ। ਚੰਚਲ ਬਾਹਰ ਪਹੁੰਚ ਜਾਏ ਪਹਿਲੀ ਕਮਾਈ ਤੁਹਾਡੇ ਚਾੜ੍ਹਣ ਆਵਾਂਗੀ।

ਭਾਨ ਸਿੰਘ : ਖੁਸ਼ ਰਹੋ, ਲਉ ਪਰਸ਼ਾਦ ਛਕੋ। (ਔਰਤ ਮੱਥਾ ਟੇਕਣ ਬਾਅਦ ਚਲੀ ਜਾਂਦੀ ਹੈ)

ਮੋਹਨ : ਵਾਹ ਜੀ ਵਾਹ, ਹੁਣ ਤਾਂ ਸਾਮੀ ਤੇ ਸਾਮੀ ਪਈ ਵੱਜਦੀ ਏ। ਜੇ ਉਸ ਜਨਾਨੀ ਦਾ ਮੁੰਡਾ ਬਾਹਰ ਨਾ ਪਹੁੰਚਿਆ ਤਾਂ ਫਿਰ...?

ਭਾਨ ਸਿੰਘ : ਤਾਂ ਫਿਰ ਕਿਹੜਾ ਸਾਡੀ ਲੱਤ ਭੰਨ ਦੇਣਗੇ। ਅਸੀਂ ਰੋਜ਼ ਛੱਤੀ ਬੰਦਿਆਂ ਨੂੰ ਅਸ਼ੀਰਵਾਦ ਦਿੰਦੇ ਹਾਂ ਕਿ ਤੁਹਾਡਾ ਕਾਕਾ ਬਾਹਰ ਜ਼ਰੂਰ ਪਹੁੰਚੇਗਾ। ਜੇ ਪੰਜ ਸੱਤ ਜਣੇ ਵੀ ਬੰਨੇ ਲੱਗ ਜਾਣ ਤਾਂ ਸਾਡੀ ਧੰਨ ਧੰਨ ਹੋ ਜਾਵੇਗੀ। ਜੇ ਕਿਸੇ ਵੱਡੇ ਹਸਪਤਾਲ 'ਚ ਸੌ ਪਿੱਛੇ ਦਸ ਮਰੀਜ਼ ਠੀਕ ਹੋ ਜਾਣ ਤਾਂ ਹਸਪਤਾਲ ਦੀਆਂ ਪੌਂ ਬਾਰਾਂ ਹੋ ਜਾਂਦੀਆਂ ਨੇ। ਜੇ ਉਨ੍ਹਾਂ ਦੇ ਹਸਪਤਾਲ ਚੱਲ ਸਕਦੇ ਨੇ ਤਾਂ ਸਾਡੇ ਡੇਰਿਆਂ ਦੀ ਗੁੱਡੀ ਨਹੀਂ ਚੜ੍ਹ ਸਕਦੀ?

ਮੋਹਨ : ਤੁਹਾਡਾ ਤਜਰਬਾ ਕਾਫ਼ੀ ਹੋ ਗਿਐ।

ਭਾਨ ਸਿੰਘ : ਇਸੇ ਸ਼ਕਤੀ ਦੇ ਸਿਰ 'ਤੇ ਆਪਾਂ ਸੰਤ ਮਹਾਰਾਜ ਬਣੇ ਹਾਂ, ਹੋਰ ਸੰਤਾਂ ਨੂੰ ਕਿਹੜਾ ਸਿੰਘ ਲੱਗੇ ਹੁੰਦੇ ਨੇ। (ਦੋਵੇਂ ਹੱਸਦੇ ਹਨ, ਜਗਤਾ ਰੋਟੀ ਲੈ ਕੇ ਆਉਂਦਾ ਹੈ)

ਜਗਤਾ : ਬਾਬਾ ਜੀ, ਲਾਇਓ ਭੋਗ। ਅੱਜ ਘਰ ਵਾਲੀ ਨੇ ਬੜੀ ਸ਼ਰਧਾ ਨਾਲ ਛੋਲੇ ਪੂੜੀਆਂ ਬਣਾਏ ਨੇ।

ਭਾਨ ਸਿੰਘ : ਸਾਰੀ ਉਮਰ ਛੋਲੇ ਪੂੜੀਆਂ ਹੀ ਖਾਵੇਗੀ।

ਜਗਤਾ : ਤੁਹਾਡੀ ਮਿਹਰ ਚਾਹੀਦੀ ਏ। ਬਾਬਾ ਜੀ, ਰਾਤ ਨੂੰ ਮੈਨੂੰ ਡਰ ਬੜਾ ਲੱਗਦਾ ਏ। ਮਾਰੋ ਕੋਈ ਜਲ ਦਾ ਛਿੱਟਾ...

ਭਾਨ ਸਿੰਘ : ਡਰ ਲਗਦਾ ਹੈ ਸਾਰੀ ਰਾਤ, ਇਹਦੇ ਪਿੱਛੇ ਇੱਕ ਹੈ ਬਾਤ। ਲੜ ਗਈ ਇੱਕ ਕੁਲਹਿਣੀ ਔਰਤ ਦੀ ਨਜ਼ਰ, ਜਿਹਨੇ ਕੀਤਾ ਤੇਰਾ ਇਹ ਹਸ਼ਰ।

ਜਗਤਾ : ਬਾਬਾ ਜੀ, ਸਾਡੇ ਮੁਹੱਲੇ ਵਿੱਚ ਦੋ ਜਨਾਨੀਆਂ ਦੀ ਨਜ਼ਰ ਕੁੱਝ ਜ਼ਿਆਦਾ ਈ ਭਾਰੀ ਏ।

ਭਾਨ ਸਿੰਘ : ਉਸ ਦੀ ਨਜ਼ਰ ਪੱਥਰ ਤੋਂ ਵੀ ਭਾਰੀ, ਪਰ ਹੁਣ ਆਈ ਸਾਡੀ ਵਾਰੀ। ਤੇਰੀ ਕੱਟੀ ਗਈ ਬਿਮਾਰੀ, ਘੋੜੇ ਦੀ ਕਰ ਸਵਾਰੀ। ਇਹ ਲੈ ਜਲ, ਚਾਲੀ ਦਿਨ ਨਿਰਣੇ ਕਾਲਜੇ ਛਕਣਾ ਤੇ ਸੁਫਨਿਆਂ ਬਾਰੇ ਮੱਤ ਸੋਚਣਾ (ਚਰਨ ਸਿੰਘ ਆਉਂਦਾ ਹੈ)



ਚਰਨ ਸਿੰਘ : ਚੰਗਾ ਪਾਠ ਪੜ੍ਹਾ ਰਹੇ ਹੋ! ਨਜ਼ਰ ਸਦਾ ਜਨਾਨੀਆਂ ਦੀ ਭਾਰੀ ਹੁੰਦੀ ਏ, ਬੰਦਿਆਂ ਦੀ ਨਜ਼ਰ ਭੈੜੀ ਨਹੀਂ ਹੋ ਸਕਦੀ?

ਭਾਨ ਸਿੰਘ : ਤੇਰਾ ਕੰਮ ਈ ਪੰਗਾ ਲੈਣਾ ਏ, ਚੰਗਾ ਕੰਮ ਨਾ ਕਰੀਂ ਜ਼ਿੰਦਗੀ ਵਿੱਚ।

ਚਰਨ ਸਿੰਘ : ਚੰਗਾ ਕੰਮ ਫੜਿਐ ਤੁਸੀਂ! ਕਦੇ ਜਾਨਣ ਦੀ ਕੋਸ਼ਿਸ਼ ਕੀਤੀ ਏ ਗੁਰਬਾਣੀ ਦਾ ਸਿਧਾਂਤ ਤੇ ਵਿਚਾਰਧਾਰਾ ਕੀ ਏ? ਲੋਕਾਂ ਨੂੰ ਕੀ ਸਿਖਾ ਰਹੇ ਹੋ ਵਹਿਮ ਭਰਮ ਤੇ ਜਲ ਦੇ ਛਿੱਟੇ।

ਭਾਨ ਸਿੰਘ : ਬੰਦਾ ਬਣ ਜਾ, ਨਹੀਂ ਤਾਂ ਮਾੜੇ ਦਿਨ ਵੇਖੇਂਗਾ।

ਚਰਨ ਸਿੰਘ : ਜਿਥੇ ਤੁਹਾਡੇ ਵਰਗੇ ਮਹਾਂਪੁਰਸ਼ ਹੋਣ, ਉਥੇ ਸਾਡੇ ਵਰਗੇ ਪੜ੍ਹੇ ਲਿਖੇ ਲੋਕਾਂ ਦੇ ਦਿਨ ਕਿਵੇਂ ਚੰਗੇ ਹੋਣਗੇ?

ਜਗਤਾ : ਮਹਾਂਪੁਰਸ਼ਾਂ ਨੂੰ ਇਵੇਂ ਬੋਲਦੇ ਤੈਨੂੰ ਸ਼ਰਮ ਨਹੀਂ ਆਉਂਦੀ।

ਚਰਨ ਸਿੰਘ : ਸ਼ਰਮ ਤਾਂ ਤੈਨੂੰ ਆਉਣੀ ਚਾਹੀਦੀ ਏ ਜਿਹਨੂੰ ਜਨਾਨੀ ਦੀ ਨਜ਼ਰ ਲੱਗ ਗਈ ਏ।

ਜਗਤਾ : ਤੇਰੇ ਨਾਲ ਦੋ ਹੱਥ ਕਰਨੇ ਹੀ ਪੈਣਗੇ। ਵਿਖਾ ਦਿਆਂ ਹੱਥ ਇਹਨੂੰ ਬਾਬਾ ਜੀ?

ਚਰਨ ਸਿੰਘ: ਮੈਂ ਤੇਰੇ ਵਰਗਾ ਸਿਆਣਾ ਨਹੀਂ ਜਿਹੜਾ ਮੂੰਹ ਨਾਲ ਗੱਲ ਕਰਨ ਦੀ ਥਾਂ ਦੋ ਹੱਥ ਕਰਨ ਨੂੰ ਪੈ ਜਾਵਾਂ, ਮੈਂ ਫਿਰ ਆਵਾਂਗਾ। (ਚਰਨ ਸਿੰਘ ਚਲਾ ਜਾਂਦਾ ਹੈ)

ਭਾਨ ਸਿੰਘ : ਫਿਰ ਆਵਾਂਗਾ! ਸੱਦੀ ਨਾ ਬੁਲਾਈ ਮੈਂ ਲਾੜੇ ਦੀ ਤਾਈ। ਚੰਗਾ ਹੋਇਆ ਮਗਰੋਂ ਲਹਿ ਗਿਐ।

ਮੋਹਨ : ਬਾਬਾ ਜੀ, ਕਥਾ ਦਾ ਟਾਈਮ ਹੋ ਗਿਐ।

ਜਗਤਾ : ਬਾਬਾ ਜੀ ਮੈਂ ਭਾਂਡੇ ਛੱਡ ਕੇ ਆਇਆ, ਮੈਂ ਵੀ ਕਥਾ ਸੁਣਾਂਗਾ। (ਜਗਤਾ ਚਲਾ ਜਾਂਦਾ ਹੈ)

ਭਾਨ ਸਿੰਘ : ਭਗਤ ਜਨੋ, ਸੰਤ ਮਹਾਰਾਜ ਜੰਗਲ ਵਿੱਚੋਂ ਲੰਘ ਰਹੇ ਸਨ, ਰੱਬ ਦੇ ਪਿਆਰ ਵਿੱਚ ਲੀਨ ਆਪਣੀ ਮਸਤ ਤੋਰੇ ਤੁਰਦੇ ਜਾ ਰਹੇ ਸਨ। ਅਚਾਨਕ ਇਕ ਔਰਤ ਦੀਆਂ ਚੀਖਾਂ ਦੀ ਆਵਾਜ਼ ਆਈ। ਸੰਤ ਜੀ ਤਾਂ ਦੀਨ ਦੁਖੀਆਂ ਦੇ ਭਲੇ ਲਈ ਹੀ ਤਾਂ ਇਸ ਦੁਨੀਆਂ ਅੰਦਰ ਆਏ ਸਨ। ਔਰਤ ਬੱਚੇ ਨੂੰ ਜਨਮ ਦੇਣ ਵਾਲੀ ਸੀ, ਪਰ ਔਰਤ ਹਾਲੋਂ ਬੇਹਾਲ ਹੋ ਰਹੀ ਸੀ। ਉਸ ਨੂੰ ਦਾਈ ਦੀ ਮਦਦ ਦੀ ਲੋੜ ਸੀ। ਪਰ ਜੰਗਲ ਵਿੱਚ ਦਾਈ ਕਿੱਥੇ? ਪ੍ਰਸ਼ਨ ਖੜ੍ਹਾ ਹੋ ਗਿਆ ਕਿ ਸੰਤ ਜੀ ਕੀ ਕਰਨ? ਸਮੱਸਿਆ ਬੜੀ ਗੰਭੀਰ ਸੀ। ਸੰਤਾਂ ਕੋਲੋਂ ਦੁੱਖੀ ਔਰਤ ਦਾ ਦਰਦ ਵੇਖਿਆ ਨਾ ਗਿਆ। ਉਨ੍ਹਾਂ ਨੇ ਆਪਣੇ ਮੂੰਹ 'ਤੇ ਕੱਪੜਾ ਬੰਨ੍ਹ ਕੇ ਦਾਈ ਦੀ ਭੂਮਿਕਾ ਨਿਭਾਅ ਦਿੱਤੀ। ਔਰਤ ਨੇ ਬੱਚੇ ਨੂੰ ਜਨਮ ਦਿੱਤਾ। ਬੋਲੋ ਜੈ ਸੰਤਾਂ ਦੀ...

ਲੋਕ : ਜੈ ਸੰਤਾਂ ਦੀ... (ਚਰਨ ਸਿੰਘ ਆਉਂਦਾ ਹੈ)

ਚਰਨ : ਇਹ ਕਥਾ ਝੂਠ ਤੇ ਮਨਘੜਤ ਏ।

ਭਾਨ ਸਿੰਘ : ਸੰਤ ਕਦੇ ਝੂਠ ਨਹੀਂ ਬੋਲ ਸਕਦੇ। ਅਸੀਂ ਸੱਚ ਦੇ ਪੁਜਾਰੀ ਹਾਂ। ਤੇਰੇ ਪਾਸ

ਕੀ ਸਬੂਤ ਏ ਕਿ ਇਹ ਕਥਾ ਝੂਠੀ ਏ ?

ਚਰਨ ਸਿੰਘ : ਮੈਨੂੰ ਮੇਰੇ ਪ੍ਰਸ਼ਨਾਂ ਦੇ ਜਵਾਬ ਚਾਹੀਦੇ ਨੇ। ਪਹਿਲਾ ਸਵਾਲ ਇਹ ਕਥਾ ਕਿਸ ਸੰਨ ਦੀ ਹੈ ? ਜੰਗਲ ਦਾ ਨਾਂ ਕੀ ਹੈ ?

ਭਾਨ ਸਿੰਘ : ਇਹ ਸਤਯੁਗ ਦੀਆਂ ਗੱਲਾਂ ਨੇ, ਜੰਗਲ ਦਾ ਕਾਹਦਾ ਨਾਂ ? ਜੰਗਲ ਤਾਂ ਜੰਗਲ ਹੀ ਹੈ।

ਚਰਨ ਸਿੰਘ : ਅੱਛਾ ! ਮੇਰਾ ਅਗਲਾ ਸਵਾਲ ਕਥਾ ਵਿੱਚ ਜਿਸ ਸੰਤ ਦੀ ਗੱਲ ਕਰ ਰਹੇ ਸੀ ਉਸ ਦਾ ਨਾਂ ਕੀ ਹੈ ?

ਭਾਨ ਸਿੰਘ : ਸੰਤਾਂ ਨੂੰ ਜਿਸ ਨਾਂ ਨਾਲ ਮਰਜ਼ੀ ਸੱਦ ਲਓ, ਕੀ ਫਰਕ ਪੈਂਦੈ ? ਸੰਤ ਨਾ ਹੋਤੇ ਜਗਤ ਮੇਂ ਜਲ ਜਾਤਾ ਸੰਸਾਰ।

ਚਰਨ ਸਿੰਘ : ਅੱਛਾ, ਸੰਤਾਂ ਦਾ ਕੋਈ ਪਤਾ ਨਹੀਂ ਸੀ। ਇਤਿਹਾਸ ਇਹੋ ਮੰਗ ਕਰਦੈ ਕਦੋਂ, ਕਿੱਥੋਂ ਤੇ ਕਿਵੇਂ ? ਮੇਰਾ ਅਗਲਾ ਸਵਾਲ : ਜੇ ਉਹ ਔਰਤ ਬੱਚਾ ਪੈਦਾ ਕਰਨ ਦੀ ਹਾਲਤ ਵਿੱਚ ਸੀ ਤਾਂ ਉਹ ਜੰਗਲ ਵਿੱਚ ਕੀ ਲੈਣ ਗਈ ਸੀ ?

ਭਾਨ ਸਿੰਘ : (ਭੜਕ ਕੇ) ਉਹ ਜੰਗਲ ਵਿੱਚ ਗਈ ਸੀ, ਹਾਂ ਹਾਂ ਗਈ ਸੀ।

ਲੋਕ : ਹਾਂ ਹਾਂ ਗਈ ਸੀ।

ਚਰਨ ਸਿੰਘ : ਮੈਂ ਇਹੋ ਪੁਛਦਾਂ ਕਿ ਉਹ ਇਕੱਲੀ ਜੰਗਲ ਵਿੱਚ ਕੀ ਲੈਣ ਗਈ ਸੀ ?

ਭਾਨ ਸਿੰਘ : ਇਹ ਉਸ ਔਰਤ ਦੀ ਮਰਜ਼ੀ ਭਾਵੇਂ ਜੰਗਲ ਜਾਵੇ, ਬਜ਼ਾਰ ਜਾਵੇ ਜਾਂ ਫਿਰ ਘਰ ਰਹੇ।

ਚਰਨ ਸਿੰਘ : ਵਾਹ ! ਜਵਾਬ ਕਿੰਨਾ ਢੁਕਵਾਂ ਏ ! ਜਣੇਪੇ ਦੀ ਹਾਲਤ ਵਿੱਚ ਔਰਤ ਘਰ ਰਹਿਣਾ ਪਸੰਦ ਕਰੇਗੀ ਕਿ ਜੰਗਲ ਵਿੱਚ ਟੱਕਰਾਂ ਮਾਰਦੀ ਫਿਰੇਗੀ ?

ਭਾਨ ਸਿੰਘ : ਮੈਂ ਕਹਿ ਚੁੱਕਾਂ ਇਹ ਕਥਾ ਸਤਯੁਗ ਦੀ ਹੈ, ਜਦ ਸਤ ਉੱਪਰ ਜ਼ੋਰ ਦਿੱਤਾ ਜਾਂਦਾ ਸੀ। ਅੱਜ ਕਲਯੁਗ ਏ, ਘੋਰ ਕਲਯੁਗ।

ਲੋਕ : ਹਾਂ ਹਾਂ ਕਲਯੁਗ ਏ, ਘੋਰ ਕਲਯੁਗ।

ਚਰਨ ਸਿੰਘ : ਇਹ ਕਲਜੁਗ ਤੁਹਾਡੇ ਚਿਹਰਿਆਂ 'ਤੇ ਸਾਫ ਨਜ਼ਰ ਆ ਰਿਹੈ। ਮੇਰੇ ਲੋਕੋ ! ਜ਼ਰਾ ਸੋਚੋ, ਇਹ ਲੋਕ ਤੁਹਾਨੂੰ ਮਨਘੜਤ ਤੇ ਝੂਠੀਆਂ ਕਹਾਣੀਆਂ ਸੁਣਾ ਕੇ ਪੁੱਠੇ ਗੇੜ ਵਿੱਚ ਪਾ ਰਹੇ ਨੇ। ਇਹ ਲੋਕ ਸਮਾਜ 'ਤੇ ਵਾਧੂ ਬੋਝ ਨੇ।

ਭਾਨ ਸਿੰਘ : ਮੂਰਖਾ ! ਤੇਰੇ 'ਤੇ ਕੀ ਬੋਝ ਪਾਇਐ ਮੈਂ ?

ਚਰਨ ਸਿੰਘ : ਜੋ ਬੰਦਾ ਹੱਥੀਂ ਕੰਮ ਨਹੀਂ ਕਰਦਾ ਉਹ ਗੁਰੂ ਨਾਨਕ ਦਾ ਸਿੱਖ ਨਹੀਂ, ਇਸੇ ਕਰਕੇ ਤੁਸੀਂ ਲੋਕ ਧਰਤੀ 'ਤੇ ਵਾਧੂ ਬੋਝ ਹੋ।

ਭਾਨ ਸਿੰਘ : ਤੈਨੂੰ ਗੁਰੂ ਨਾਨਕ ਦੇਵ ਦਾ ਬਹੁਤਾ ਪਤੈ ? ਤੂੰ ਇਥੇ ਲੈਣ ਕੀ ਆਇਐਂ ?

ਚਰਨ ਸਿੰਘ : ਤੁਹਾਡਾ ਪਖੰਡੀ ਕਿਰਦਾਰ ਨਸ਼ਰ ਕਰਨ ਆਇਆਂ।

ਮੋਹਨ : ਸਾਧ ਸੰਗਤ ਜੀ, ਇਹ ਬੰਦਾ ਬਾਬਾ ਜੀ ਦਾ ਨਿਰਾਦਰ ਕਰ ਰਿਹੈ। ਕਿੰਨਾ ਕੁੱਝ ਬਕੜਵਾਹ ਕਰ ਗਿਐ ਤੇ ਅਜੇ ਵੀ ਬੱਸ ਨਹੀਂ ਕਰਦਾ ਪਿਆ। ਜੇ ਤੁਸੀਂ ਇੱਦਾਂ ਦੇ ਬਦਮਾਸ਼ਾਂ ਦਾ ਮੂੰਹ ਬੰਦ ਨਹੀਂ ਕਰ ਸਕਦੇ ਤਾਂ ਬਾਬਾ ਜੀ ਆਹ ਸਥਾਨ ਛੱਡ ਕੇ ਕਿਤੇ ਹੋਰ ਥਾਂ ਚਲੇ ਜਾਣਗੇ।

ਲੋਕ : ਇਹ ਨਹੀਂ ਹੋ ਸਕਦਾ। ਬਾਬਾ ਭਾਨ ਸਿੰਘ ਜ਼ਿੰਦਾਬਾਦ, ਚਰਨਾ ਪਾਹੜੂ



ਮੁਰਦਾਬਾਦ।

ਚਰਨ ਸਿੰਘ : ਮੇਰੇ ਲੋਕੋ ! ਮੇਰੀ ਗੱਲ ਤਾਂ ਸੁਣੋ, ਮੈਂ ਦਲੀਲ ਨਾਲ ਗੱਲ ਕਰ ਰਿਹਾਂ।

ਮੋਹਨ : ਨਾਸਤਕ ਬੰਦੇ ਦੀ ਕਾਹਦੀ ਦਲੀਲ।

ਲੋਕ : ਕਾਹਦੀ ਦਲੀਲ, ਕਾਹਦੀ ਦਲੀਲ, ਚਰਨਾ ਪਾਹੜੂ ਮੁਰਦਾਬਾਦ। ਕੁੱਟੋ, ਮਾਰੋ, ਰਗੜ ਦਿਓ (ਵੱਟੇ ਵਜਦੇ ਹਨ)

ਚਰਨ ਸਿੰਘ : ਸ਼ਾਂਤੀ, ਸ਼ਾਂਤੀ ਨਾਲ ਗੱਲ ਕਰੋ, ਜ਼ਰਾ ਸੋਚੋ (ਚਰਨ ਸਿੰਘ ਦੇ ਵੱਟੇ ਵਜਦੇ ਹਨ ਤੁਹਾਨੂੰ ਜਾਗਰਤੀ ਦੀ ਲੋੜ ਨਹੀਂ, ਗਿਆਨ ਦੀ ਲੋੜ ਨਹੀਂ। ਅੱਜ ਤੁਸੀਂ ਮੈਨੂੰ ਵੱਟੇ ਮਾਰੇ ਨੇ, ਕਲ੍ਹ ਨੂੰ ਮੇਰੇ ਗੋਡੀਂ ਹੱਥ ਲਾਉਗੇ (ਰੋਸ਼ਨੀ ਬੁੱਝ ਕੇ ਫਿਰ ਜਗਦੀ ਹੈ) ਤੇ ਫਿਰ ਮੈਂ ਵੀ ਚੋਲਾ ਪਾ ਕੇ ਮਹਾਂਪੁਰਸ਼ ਬਣ ਗਿਆ। ਲੋਕ ਮੇਰੇ ਅੱਗੇ ਪਿੱਛੇ, ਮਾਇਆ ਦੀ ਬੋਰੀਆਂ ਭਰਨ ਲੱਗੀਆਂ, ਨਵੇਂ ਤੋਂ ਨਵੇਂ ਮਾਡਲ ਦੀਆਂ ਕਾਰਾਂ ਮੇਰੀ ਸੇਵਾ ਵਿੱਚ, ਮੈਂ ਵਾਜੇ ਤੇ ਸਿੱਧੀਆਂ ਧਾਰਨਾਵਾਂ ਲਾ ਕੇ ਬੱਲੇ-ਬੱਲੇ ਕਰਵਾ ਦਿੱਤੀ। ਇੱਕ ਪਰੋਗਰਾਮ ਵਿੱਚ ਬਾਬਾ ਭਾਨ ਸਿੰਘ ਨਾਲ ਮੇਰੀ ਭੇਂਟ ਹੋਈ... (ਰੋਸ਼ਨੀ ਬੁੱਝ ਕੇ ਸਟੇਜ 'ਤੇ ਹੋਰ ਥਾਂ ਫਿਰ ਜਗਦੀ ਹੈ)

ਭਾਨ ਸਿੰਘ : ਆਈ ਨਾ ਖੋਤੀ ਬੋਹੜ ਥੱਲੇ, ਧਾਰਮਿਕ ਚਿੰਨ੍ਹ ਧਾਰਨ ਕਰਨੇ ਪਏ ਨਾ ?

ਚਰਨ ਸਿੰਘ : ਮੈਨੂੰ ਲੋਕਾਂ ਨੇ ਮਹਾਂਪੁਰਸ਼ ਬਣਾਇਐ। ਜਦ ਅਸੀਂ ਇਕੱਠੇ ਪੜ੍ਹਦੇ ਸੀ ਓਦੋਂ ਮੈਂ ਲਾਇਕ ਵਿਦਿਆਰਥੀ ਸੀ...

ਭਾਨ ਸਿੰਘ : (ਟੋਕ ਕੇ) ਪਰ ਅੱਜ ਵੱਡਾ ਸੰਤ ਮੈਂ ਹੀ ਹਾਂ। ਤੂੰ ਆਪਣੇ ਨਾਂ ਨਾਲ ਬਾਬਾ ਚਰਨ ਸਿੰਘ ਬੀ.ਏ. ਕਿਉਂ ਲਿਖਾ ਰਿਹੈਂ ?

ਚਰਨ ਸਿੰਘ : ਮੈਂ ਬੀ.ਏ. ਪਾਸ ਹਾਂ, ਤੁਹਾਡੇ ਵਾਂਗ ਦੋ ਵਾਰ ਫੇਲ੍ਹ ਨਹੀਂ ਹੋਇਆ।

ਭਾਨ ਸਿੰਘ : ਤੂੰ ਚੂੰਡੀ ਮਾਰਨ ਤੋਂ ਬਾਜ ਨਹੀਂ ਆ ਰਿਹਾ। ਤੈਨੂੰ ਉਹ ਵੱਟੇ ਭੁਲ ਗਏ ਜੋ ਸਾਧ ਸੰਗਤ ਨੇ ਮਾਰੇ ਸੀ ?

ਚਰਨ ਸਿੰਘ : ਜੇ ਅੱਜ ਬਹਿਸ ਹੋਵੇ ਤਾਂ ਅੱਧੇ ਵੱਟੇ ਤੈਨੂੰ ਜ਼ਰੂਰ ਵਜਣਗੇ, ਤੇਰੇ ਕੋਲੋਂ ਖਾਣ ਨਹੀਂ ਹੋਣੇ।

ਭਾਨ ਸਿੰਘ: ਤੇਰੀ ਜਾਗਰਤੀ ਕਿਥੇ ਗਈ ਜੋ ਤੂੰ ਲੋਕਾਂ ਵਿੱਚ ਪੈਦਾ ਕਰਨੀ ਚਾਹੁੰਦਾ ਸੀ ?

ਚਰਨ ਸਿੰਘ : ਹਾਂਅ, ਇੱਕ ਦਿਨ ਆਵੇਗਾ ਜਦ ਮੈਨੂੰ ਉਸ ਸਰੂਪ ਵਿੱਚ ਵੀ ਸੁਣਨਗੇ। ਤੇਰਾ ਬੋਰੀ ਬਿਸਤਰਾ ਜ਼ਰੂਰ ਗੋਲ ਹੋਵੇਗਾ। ਤੇਰਾ ਚੇਲਾ ਮੋਹਨ ਮੇਰੀ ਹੁਣ ਵੀ ਸੁਣਦੈ।

ਭਾਨ ਸਿੰਘ : ਦੇਖ ਲਵਾਂਗਾ। (ਭਾਨ ਸਿੰਘ ਚਲਾ ਜਾਂਦਾ ਹੈ)

ਚਰਨ ਸਿੰਘ : ਇੱਕ ਦਿਨ ਸੱਚ ਦਾ ਜ਼ਰੂਰ ਆਵੇਗਾ। (ਇੱਕ ਅੰਗਰੇਜ਼ ਆਉਂਦਾ ਹੈ) ਮਿਸਟਰ ਹਾਗ, ਹੈਲੋ

ਅੰਗਰੇਜ਼ : ਹੈਲੋ, ਹਾਓ ਆਰ ਯੂ

ਚਰਨ ਸਿੰਘ : ਰੀਅਲੀ ਵੈੱਲ, ਆਈ ਨੋ ਦੈਟ ਯੂ ਆਰ ਗੋਇੰਗ ਟੂ ਮੇਕ ਰਿਸਰਚ ਓਨ ਗੁਰੂ ਨਾਨਕ ਐਂਡ ਹਿਜ ਥਾੱਟ।

| | |
|---|---|
| ਅੰਗਰੇਜ : | ਸਪੀਕ ਇਨ ਪੰਜਾਬੀ ਔਰ ਹਿੰਦੀ, ਆਈ ਕੈਨ ਅੰਡਰਸਟੈਂਡ ਪੰਜਾਬੀ ਔਰ ਹਿੰਦੀ। ਬਟ 'ਆਈ ਕੈਨ ਓਨਲੀ ਸਪੀਕ ਇਨ ਇੰਗਲਿਸ਼ (ਭੁੱਲਾ ਆਉਂਦਾ ਹੈ) |
| ਭੁੱਲਾ : | ਕੀ ਕਹਿੰਦੈ ਅੰਗਰੇਜ਼ ? |
| ਚਰਨ ਸਿੰਘ : | ਇਹ ਕਹਿੰਦੈ ਤੁਸੀਂ ਪੰਜਾਬੀ ਜਾਂ ਹਿੰਦੀ ਵਿੱਚ ਗੱਲ ਕਰੋ, ਮੈਂ ਸਮਝ ਲਵਾਂਗਾ ਪਰ ਮੈਂ ਅੰਗਰੇਜ਼ੀ ਹੀ ਬੋਲਾਂਗਾ। |
| ਭੁੱਲਾ : | ਆਪਾਂ ਨੂੰ ਕਿਹੜਾ ਸਮਝ ਪੈਣੀ ਏ ਅੰਗਰੇਜ਼ ਭਾਵੇਂ ਮਾਵਾਂ ਭੈਣਾਂ ਦੀਆਂ ਗਾਹਲਾਂ ਈ ਕੱਢੀ ਜਾਵੇ। |
| ਚਰਨ ਸਿੰਘ : | ਨਹੀਂ ਇਹ ਅੰਗਰੇਜ਼ ਗੁਰੂ ਨਾਨਕ ਦੇਵ ਜੀ ਦੇ ਜੀਵਨ ਤੇ ਵਿਚਾਰਧਾਰਾ 'ਤੇ ਇੱਕ ਕਿਤਾਬ ਲਿਖ ਰਿਹੈ, ਇਹ ਪੰਜਾਬ ਵਿੱਚ ਪ੍ਰੋਫੈਸਰਾਂ, ਲੇਖਕਾਂ ਨੂੰ ਮਿਲ ਰਿਹੈ ਅਤੇ ਧਾਰਮਿਕ ਲੋਕਾਂ ਨੂੰ ਵੀ। |
| ਭੁੱਲਾ : | ਆਹ ਅੰਗਰੇਜ਼ ਗੁਰੂ ਨਾਨਕ 'ਤੇ ਕਿਤਾਬ ਲਿਖੇਗਾ ? |
| ਅੰਗਰੇਜ਼ : | ਵਾਈ ਨਾਟ, ਗੁਰੂ ਨਾਨਕ ਵਾਜ਼ ਏ ਲਾਈਟ ਫਾਰ ਦੀ ਐਨਟਾਇਰ ਹੁਮੈਨਟੀ। |
| ਚਰਨ ਸਿੰਘ : | ਕਹਿ ਰਿਹੈ ਗੁਰੂ ਨਾਨਕ ਦੇਵ ਸਾਰੀ ਦੁਨੀਆਂ ਲਈ ਚਾਨਣ ਸੀ। |
| ਭੁੱਲਾ : | ਗੱਲ ਪਾਏਦਾਰ ਲੱਗਦੀ ਏ, ਪਰ ਸਾਡੇ ਨਗਰ ਕੀ ਲੈਣ ਆਇਐ ? |
| ਅੰਗਰੇਜ਼ : | ਟੂ ਵਾਚ ਦੀ ਸੀਨ ਆਫ ਏ ਰਿਲੀਜਸ ਪ੍ਰੋਗਰੈਮ। |
| ਚਰਨ ਸਿੰਘ : | ਧਾਰਮਿਕ ਸੰਮੇਲਨ ਵੇਖਣ ਆਇਐ। |
| ਅੰਗਰੇਜ਼ੀ : | ਯੈੱਸ, ਏ ਮਿਲੀਅਨਸ ਆਫ ਪੀਪਲ ਆਰ ਜਸਟ ਲਿਸਨਿੰਗ ਏ ਮੈਨ। ਵਟ ਆਰ ਦੇ ਡੂਇੰਗ ? |
| ਚਰਨ ਸਿੰਘ : | ਕਹਿ ਰਿਹੈ ਲੱਖਾਂ ਲੋਕ ਹੇਠਾਂ ਬੈਠ ਕੇ ਸਟੇਜ 'ਤੇ ਬੈਠੇ ਇੱਕ ਬੰਦੇ ਨੂੰ ਸੁਣ ਰਹੇ ਨੇ। ਇਹ ਲੋਕ ਕੀ ਕਰ ਰਹੇ ਨੇ ? (ਅੰਗਰੇਜ਼ ਨੂੰ) ਮਿਸਟਰ ਹਾਗ, ਇਹ ਲੋਕ ਅਗਲੇ ਜਨਮ ਦਾ ਫਿਕਰ ਕਰ ਰਹੇ ਨੇ। |
| ਭੁੱਲਾ : | ਕਿਤੇ ਅਗਲੇ ਜਨਮ 'ਚ ਗਧੇ ਨਾ ਬਣ ਜਾਣ... ਡੌਂਕੀ। |
| ਅੰਗਰੇਜ਼ : | ਡੌਂਕੀ, ਵਟ ਐਨ ਇਨੋਸੈਂਟ ਐਨੀਮਲ ? |
| ਚਰਨ ਸਿੰਘ : | ਕਹਿੰਦੈ, ਗਧਾ ਬੜਾ ਭਲਾ ਜਾਨਵਰ ਏ। |
| ਭੁੱਲਾ : | ਫਿਰ ਤਾਂ ਇਹ ਲੋਕ ਗਧੇ ਹੀ ਰਹਿਣਗੇ। |
| ਅੰਗਰੇਜ਼ : | ਦੀ ਪੀਪਲ ਆਰ ਵਰਇੰਗ ਅਬੌਟ ਦਿਅਰ ਨੈਕਸਟ ਬਰਥ ਵਾਈ ਡੌਂਟ ਦੇ ਮੈਂ ਦਿਸ ਪਰੈਜੈਂਟ ਲਾਈਫ ? |
| ਚਰਨ ਸਿੰਘ : | ਅੰਗਰੇਜ਼ ਹੈਰਾਨ ਏ ਇਹ ਲੋਕ ਅਗਲੇ ਜਨਮ ਬਾਰੇ ਕਿਉਂ ਸੋਚਦੇ ਨੇ ? ਹੁਣ ਵਾਲੇ ਜਨਮ ਨੂੰ ਕਿਉਂ ਨਹੀਂ ਸੰਵਾਰਦੇ ? |
| ਭੁੱਲਾ : | ਜੇ ਲੋਕਾਂ ਨੂੰ ਪੁੱਛਿਆ ਤਾਂ ਸਿਰ ਪਾੜ ਦੇਣਗੇ। |
| ਚਰਨ ਸਿੰਘ : | ਨਹੀਂ, ਉਹ ਮੇਰੀ ਵਰਦੀ ਵੱਲ ਵੇਖ ਕੇ ਜੁਅਰਤ ਨਹੀਂ ਕਰਨਗੇ। |
| ਅੰਗਰੇਜ਼ : | ਗੁਰੂ ਨਾਨਕ ਸੇਅਸ ਵਰਕ ਇਜ਼ ਵਰਸ਼ਿਪ। |
| ਚਰਨ ਸਿੰਘ : | ਚੇਤੇ ਕਰਵਾ ਰਿਹੈ ਕਿ ਗੁਰੂ ਨਾਨਕ ਦੇਵ ਜੀ ਨੇ ਕਿਹਾ ਸੀ ਕਿਰਤ ਕਰੋ। |



| | |
|---|---|
| | ਸਿੱਖ ਧਰਮ ਵਿੱਚ ਵਿਹਲੜਾਂ ਲਈ ਕੋਈ ਥਾਂ ਨਹੀਂ। |
| ਅੰਗਰੇਜ਼ : | ਦੀ ਪੀਪਲ ਡੂ ਨਾਟ ਐਨਾਲਾਈਜ਼ ਦੀ ਹੌਲੀ ਗੁਰੂ ਗ੍ਰੰਥ। ਦੇ ਡੂ ਨਾਟ ਅੰਡਰਸਟੈਂਡ ਦੀ ਮੀਨਿੰਗ ਆਫ ਦੀ ਕੰਟੈਂਟਸ। |
| ਭੁੱਲਾ : | ਕੀ ਕਹਿੰਦੈ ? |
| ਚਰਨ ਸਿੰਘ : | ਕਹਿੰਦੈ ਅਸੀਂ ਸਭ ਉੱਲੂ ਦੇ ਪੱਠੇ ਹਾਂ ਜੋ ਗੁਰੂ ਗ੍ਰੰਥ ਸਾਹਿਬ ਜੀ ਨੂੰ ਪੜ੍ਹ ਕੇ ਗੁਰਬਾਣੀ ਦੇ ਅਰਥ ਸਮਝਣ ਦੀ ਕੋਸ਼ਿਸ਼ ਨਹੀਂ ਕਰਦੇ। |
| ਭੁੱਲਾ : | ਇਥੇ ਹਰ ਬਾਬਾ ਆਪਣੇ ਹੀ ਅਰਥ ਕੱਢੀ ਫਿਰਦੈ, ਜੇ ਲੋਕ ਅਰਥ ਸਮਝ ਜਾਣ ਤਾਂ ਇਨ੍ਹਾਂ ਬਾਬਿਆਂ ਨੂੰ ਹੱਥੀਂ ਕੰਮ ਕਰਕੇ ਕਮੌਣਾ ਪਵੇਗਾ ਜਿਵੇਂ ਬਾਬੇ ਨਾਨਕ ਨੇ ਕਰਤਾਰਪੁਰ ਖੇਤੀ ਕੀਤੀ ਸੀ। |
| ਅੰਗਰੇਜ਼ : | ਬਟ ਇਨ ਯੂਰੋਪ, ਦਿਅਰ ਇਜ਼ ਨੋ ਸਚ ਸੇਂਟਸ, ਨੋ ਰਿਲੀਜਸ ਗੈਦਰਿੰਗਸ। ਬਟ ਯੂਰੋਪ ਇਜ਼ ਏ ਹੈਵਨ। ਦੀ ਪੀਪਲ ਆਰ ਔਨੈਸਟ, ਡਿਊਟੀਫੁੱਲ ਐਂਡ ਸਾਇੰਟੇਫਿਕ ਮਾਈਂਡਡ। |
| ਭੁੱਲਾ : | ਯੂਰਪ ਦੇ ਮੁਲਕਾਂ ਦੀ ਗੱਲ ਕਰਦਾ ਜਾਪਦੈ ? |
| ਚਰਨ ਸਿੰਘ : | ਸਮਝਾ ਰਿਹੈ ਯੂਰਪ ਵਿੱਚ ਕੋਈ ਧਾਰਮਿਕ ਬਾਬੇ ਨਹੀਂ, ਕੋਈ ਸੰਤ ਸਮਾਗਮ ਨਹੀਂ ਹੁੰਦੇ ਪਰ ਯੂਰਪ ਸਵਰਗ ਏ। ਉਥੋਂ ਦੇ ਲੋਕ ਇਮਾਨਦਾਰ, ਡਿਊਟੀ ਦੀ ਕਦਰ ਕਰਨ ਵਾਲੇ ਅਤੇ ਸਾਇੰਸ ਨੂੰ ਮੰਨਣ ਵਾਲੇ ਨੇ। |
| ਅੰਗਰੇਜ਼ : | ਜਸਟ ਸੀ, ਦਿਅਰ ਇਜ਼ ਏ ਬੈੱਲ ਇਨ ਦੀ ਡੋਰ ਆਫ ਏ ਟੈਂਪਲ. ਵਾਈ ਦੀ ਪੀਪਲ ਰਿੰਗ ਇਟ ? |
| ਚਰਨ ਸਿੰਘ : | ਹੈਰਾਨ ਹੋ ਰਿਹੈ ਇੱਕ ਮੰਦਰ ਵਿੱਚ ਘੰਟੀ ਲਟਕਦੀ ਪਈ ਏ, ਲੋਕ ਇਹਨੂੰ ਕਿਉਂ ਖੜਕਾ ਰਹੇ ਨੇ ? |
| ਅੰਗਰੇਜ਼ : | ਯੈੱਸ, ਯੈੱਸ ? |
| ਚਰਨ ਸਿੰਘ : | ਮੰਦਰ ਵਿੱਚ ਰੱਬ ਗੂਹੜੀ ਨੀਂਦ ਸੁੱਤਾ ਪਿਐ, ਲੋਕ ਘੰਟੀ ਵਜਾ ਕੇ ਰੱਬ ਨੂੰ ਜਗਾਉਂਦੇ ਨੇ ਤੇ ਆਪਣੀ ਹਾਜ਼ਰੀ ਲਵਾਉਂਦੇ ਨੇ। |
| ਅੰਗਰੇਜ਼ : | ਦੀਜ ਸੇਂਟਸ ਡੂ ਨਾਟ ਅਡਵਾਈਸ ਦੀ ਯੰਗਸਟਰਸ ਟੂ ਗੈੱਟ ਐਜੂਕੇਸ਼ਨ। ਵਾਈ ਇਟ ਇਜ਼ ਸੋ ? |
| ਚਰਨ ਸਿੰਘ : | ਮਤਲਬ ਇਹ ਹੈ ਕਿ ਇਹ ਮਹਾਂਪੁਰਸ਼ ਇਥੋਂ ਦੇ ਨੌਜਵਾਨਾਂ ਨੂੰ ਪੜ੍ਹਾਈ ਕਰਨ ਦੀ ਸਿੱਖਿਆ ਕਿਉਂ ਨਹੀਂ ਦਿੰਦੇ ? |
| ਭੁੱਲਾ : | ਜਿਹੜੇ ਬਾਬੇ ਆਪ ਛੇਵੀਂ ਸੱਤਵੀਂ ਫੇਲ੍ਹ ਨੇ ਉਨ੍ਹਾਂ ਦੀ ਸਿੱਖਿਆ ਕਿਹੜਾ ਚੰਦ ਚਾੜੇਗੀ। |
| | (ਬਾਬਾ ਭਾਨ ਸਿੰਘ ਗੁੱਸੇ ਵਿੱਚ ਆਉਂਦਾ ਹੈ।) |
| ਭਾਨ ਸਿੰਘ : | (ਅੰਗਰੇਜ਼ ਨੂੰ) ਓ ਵਲੈਤੀਆ, ਚੁੱਪ ਕਰਕੇ ਖਿਸਕ ਜਾ। ਨਹੀਂ ਤਾਂ ਤੇਰੀ ਕਬਰ ਇਥੇ ਬਣ ਜੂ। |
| ਅੰਗਰੇਜ਼ : | ਆਈ ਹੈਵ ਗੋਟ ਦੀ ਪਰਮਿਸ਼ਨ ਆਫ ਦੀ ਇੰਡੀਅਨ ਗਵਰਨਮੈਂਟ ਟੂ ਟਰੈਵਲ ਐਨੀਵਿਅਰ ਇਨ ਇੰਡੀਆ। ਆਰ. ਯੂ. ਦੀ ਗਵਰਨਮੈਂਟ ? |
| ਚਰਨ ਸਿੰਘ : | ਇਹਨੇ ਘੁੰਮਣ ਫਿਰਨ ਦੀ ਸਰਕਾਰੀ ਇਜਾਜ਼ਤ ਲਈ ਏ। ਪੁੱਛਦੈ ਕੀ ਤੂੰ |

ਸਰਕਾਰ ਏਂ।

ਭਾਨ ਸਿੰਘ : (ਗੁੱਸੇ ਵਿੱਚ) ਦੱਸਾਂ ਫਿਰ....

ਅੰਗਰੇਜ਼ : (ਭਾਨ ਸਿੰਘ ਵੱਲ ਇਸ਼ਾਰਾ ਕਰਕੇ) ਦਿਸ ਪਰਸਨ ਹੈਜ ਏ ਬਿਗ ਬੈਲੀ। ਹੀ ਲੁਕਸ ਲਾਈਕ ਏ ਰੈਸਲਰ।

ਚਰਨ ਸਿੰਘ : ਅੰਗਰੇਜ਼ ਇਹ ਪੁੱਛ ਰਿਹੈ ਇਹਦਾ ਢਿੱਡ ਕਿਉਂ ਐਡਾ ਵੱਡਾ ਏ, ਇਹ ਤਾਂ ਰੈਸਲਰ ਜਾਪਦੈ ਯਾਨੀ ਕੁਸ਼ਤੀ ਕਰਨ ਵਾਲਾ।

ਭਾਨ ਸਿੰਘ : ਇਹਦੇ ਖਾਨੇ ਪਾ ਦੇ ਗੱਲ ਜੇ ਮਹਾਂਪੁਰਸ਼ਾਂ ਨੇ ਸੰਗਤਾਂ ਨੂੰ ਜਰਾ ਵੀ ਇਸ਼ਾਰਾ ਕਰ'ਤਾ ਤਾਂ ਲੋਕ ਇਹਦਾ ਭੜਥਾ ਬਣਾ ਦੇਣਗੇ।

ਅੰਗਰੇਜ਼ : ਹੀ ਕਨਸਿਡਰਸ ਹਿਮਸੈਲਫ ਏ ਗਰੇਟ ਮੈਨ। ਹੈਜ ਹੀ ਇਨਵੈਂਟਿਡ ਸਮਥਿੰਗ ਗੁੱਡ ਫਾਰ ਮੈਨ ਕਾਈਂਡ ਆਰ ਡਿਸਕਵਰਡ ਟਰੀਟਮੈਂਟ ਫਾਰ ਏ ਡਿਜੀਜ਼।

ਭੁੱਲਾ : ਅੰਗਰੇਜ਼ ਖਾਸ ਹੀ ਗੱਲ ਕਰ ਗਿਆ ਜਾਪਦੈ।

ਚਰਨ ਸਿੰਘ : ਇਹ ਪੁੱਛ ਰਿਹੈ ਤੂੰ ਮਹਾਂਪੁਰਸ਼ ਕਿਵੇਂ ਹੈ? ਕੀ ਇਹਨੇ ਲੋਕਾਂ ਦੀ ਭਲਾਈ ਲਈ ਕੋਈ ਖੋਜ ਕੀਤੀ ਏ ਜਾਂ ਫਿਰ ਕਿਸੇ ਬਿਮਾਰੀ ਦਾ ਇਲਾਜ ਲੱਭਿਆ ਏ।

ਭੁੱਲਾ : ਇਹ ਬਾਬਾ ਤਾਂ ਖੁਦ ਇੱਕ ਬਿਮਾਰੀਏ।

ਭਾਨ ਸਿੰਘ : ਵਿਖਾ ਦਿਆਂ ਮਹਾਂਪੁਰਸ਼ਾਂ ਵਾਲਾ ਪਰਤਾਪ?

ਅੰਗਰੇਜ਼ : ਯੂ ਹੈਵ ਮੈਜਿਕ ਪਾਵਰਸ? ਹਿਅਰ ਇਟ ਇਜ਼ ਏ ਪੈੱਨ, ਚੇਂਜ ਇਟਸ ਪੁਜ਼ੀਸ਼ਨ ਵਿਦੌਟ ਟਚਿੰਗ ਯੂਅਰ ਹੈਂਡਸ।

ਭਾਨ ਸਿੰਘ : ਤੂੰ ਚਾਹੁੰਦਾ ਕੀ ਏਂ?

ਚਰਨ ਸਿੰਘ : ਇਹਨੇ ਪੈੱਨ ਰੱਖਿਐ, ਮਹਾਂਪੁਰਸ਼ਾਂ ਵਾਲੀ ਸ਼ਕਤੀ ਨਾਲ ਬਿਨਾਂ ਛੂਹੇ ਇਸ ਪੈੱਨ ਦੀ ਥਾਂ ਬਦਲ ਕੇ ਵਿਖਾਓ।

ਅੰਗਰੇਜ਼ : ਪਲੀਜ਼ ਲਿਸਨ ਯੂਅਰ ਵਾਇਸ, ਆਈ ਹੈਵ ਰਿਕਾਰਡਡ ਇਟ।

ਚਰਨ ਸਿੰਘ : ਮਹਾਂਪੁਰਸ਼ੋ, ਆਪਣੀ ਰਿਕਾਰਡ ਕੀਤੀ ਅਵਾਜ਼ ਸੁਣੋ।

ਭਾਨ ਸਿੰਘ ਦੀ ਆਵਾਜ਼ : ਸਿੱਧਾ ਜਾਏਂਗਾ ਸਵਰਗਾਂ ਨੂੰ, ਸੰਤਾਂ ਦੀ ਕਰ ਸੇਵਾ...

ਅੰਗਰੇਜ਼ : ਆਈ ਹੈਵ ਵਿਜ਼ਟਡ ਗੋਲਡ ਟੈਂਪਲ ਅੰਮ੍ਰਿਤਸਰ। ਆਈ ਹੈਵ ਆਲਸੋ ਰਿਕਾਰਡਡ ਦੀ ਵਾਇਸਸ ਆਫ ਰਿਲੀਜਸ ਸਿੰਗਰਸ ਆਰ ਰਾਗੀਸ।

ਚਰਨ ਸਿੰਘ : ਅੰਗਰੇਜ਼ ਦਰਬਾਰ ਸਾਹਿਬ ਅੰਮ੍ਰਿਤਸਰ ਗਿਆ ਸੀ, ਵੱਖ-ਵੱਖ ਰਾਗੀਆਂ ਦੀਆਂ ਰਿਕਾਰਡਡ ਅਵਾਜ਼ਾਂ ਸੁਣਾ ਰਿਹੈ।

ਰਿਕਾਰਡ ਆਵਾਜ਼ਾਂ : * ਆਪਣੇ ਹੱਥੀਂ ਆਪਣਾ ਆਪੇ ਹੀ ਕਾਜ ਸਵਾਰੀਐ...
* ਧਨੁ ਲਿਖਾਰੀ ਨਾਨਕਾ
* ਵਿਦਿਆ ਵਿਚਾਰੀ ਤਾਂ ਪਰਉਪਕਾਰੀ...

(ਭਾਨ ਸਿੰਘ ਨੂੰ ਕੰਬਣੀ ਛਿੜ ਪੈਂਦੀ ਹੈ, ਉਥੋਂ ਖਿਸਕਣ ਦੀ ਸਥਿਤੀ ਵਿੱਚ ਹੋ ਜਾਂਦਾ ਹੈ)



ਚਰਨ ਸਿੰਘ : ਖੜ੍ਹ ਜੇ ਹਿੰਮਤ ਹੈ ਤਾਂ। (ਮੋਹਨ ਆਉਂਦਾ ਹੈ)

ਮੋਹਨ : ਮੈਂ ਉਹਲੇ ਖੜ੍ਹਾ ਸਭ ਕੁੱਝ ਦੇਖ ਰਿਹਾ ਸੀ। ਅਸੀਂ ਬਥੇਰਾ ਲੋਕਾਂ ਨੂੰ ਬੁੱਧੂ ਬਣਾਇਐ ਕਈ ਸਾਲ। ਹੁਣ ਹੋਰ ਜ਼ੁਲਮ ਨਹੀਂ ਮੈਂ ਕਰ ਸਕਦਾ। ਸੱਚ ਹੈ ਅਸੀਂ ਮਹਾਂਪੁਰਸ਼ ਨਹੀਂ ਹਾਂ, ਅਸੀਂ ਕੰਮਚੋਰ ਹਾਂ। (ਰੋ ਪੈਂਦਾ ਹੈ, ਭਾਨ ਸਿੰਘ ਖਿਸਕ ਜਾਂਦਾ ਹੈ)

ਚਰਨ ਸਿੰਘ : ਹਾਂ ਹਾਂ ਲੋਕੋ! ਮਹਾਂਪੁਰਸ਼ ਉਹ ਨੇ ਜੋ ਠਰਦੀਆਂ ਰਾਤਾਂ ਅਤੇ ਕੜਕਦੀ ਧੁੱਪ ਵਿੱਚ ਖੇਤਾਂ ਵਿੱਚ ਸੱਪਾਂ ਦੀਆਂ ਸਿਰੀਆਂ ਮਿੱਧ ਕੇ ਅਨਾਜ ਪੈਦਾ ਕਰਦੇ ਨੇ। ਮਹਾਂਪੁਰਸ਼ ਉਹ ਨੇ ਸੜਕਾਂ ਬਣਾਉਂਦੇ ਹੋਏ ਆਪਣੇ ਪਸੀਨੇ ਦੀ ਆਖਰੀ ਬੂੰਦ ਸੜਕਾਂ ਤੇ ਵਹਾ ਦਿੰਦੇ ਨੇ। ਮਹਾਂਪੁਰਸ਼ ਉਹ ਨੇ ਜਿਨ੍ਹਾਂ ਲੋਕਾਂ ਨੇ ਬਿਮਾਰੀਆਂ ਦਾ ਇਲਾਜ ਲੱਭਦੇ ਹੋਏ ਸਾਰੀ ਜ਼ਿੰਦਗੀ ਲੇਖੇ ਲਾ ਦਿੱਤੀ। ਸਾਡੇ ਵਰਗੇ ਵਿਹਲੜ ਮਹਾਂਪੁਰਸ਼ ਕਿਵੇਂ ਹੋ ਸਕਦੇ ਨੇ? ਮੈਂ ਮਹਾਂਪੁਰਸ਼ ਨਹੀਂ ਹਾਂ, ਮੈਂ ਮਹਾਂਪੁਰਸ਼ ਨਹੀਂ ਹਾਂ।
ਪਿੱਛੋਂ ਗੀਤ ਦੀ

ਆਵਾਜ਼ : ਇਹ ਮਹਾਂਪੁਰਸ਼ ਨਹੀਂ ਹਨ, ਸੋਚ ਵਿਚਾਰ ਪਛਾਣੀਂ।
ਪੜ੍ਹ ਕਿਤਾਬਾਂ ਖੋਜ ਭਰੀਆਂ, ਬਣ ਜਾ ਸਮੇਂ ਦਾ ਹਾਣੀ।
(ਹਨੇਰਾ ਹੋ ਜਾਂਦਾ ਹੈ)

(ਸਮਾਪਤ)

98154-65620

***

*ਸਵੈ ਕਥਨ*

# ਸ਼ੀਸ਼ੇ ਸਾਹਮਣੇ ਖੜ੍ਹਾ ਆਦਮੀ

**ਪ੍ਰੋ. ਹਮਦਰਦਵੀਰ ਨੌਸ਼ਹਿਰਵੀ**

ਨਿੱਖਰੀ ਹੋਈ, ਟਿਕੀ ਹੋਈ ਸ਼ਾਂਤ ਰਾਤ ਨੂੰ ਚੰਦਰਮਾ ਦੀਆਂ ਦੁੱਧ ਕਿਰਨਾਂ ਧਰਤੀ ਨੂੰ ਛੋਹ ਰਹੀਆਂ ਹੁੰਦੀਆਂ ਹਨ। ਚੰਦਰਮੇ ਦੀਆਂ ਚਿੱਟੀਆਂ ਕਿਰਨਾਂ ਉੱਤੇ ਕਾਲਾ ਪੋਚਾ ਨਹੀਂ ਫੇਰਿਆ ਜਾ ਸਕਦਾ। ਮੈਂ ਆਪਣੀ ਸ਼ੁੱਧ ਮੱਖਣ ਚਿੱਟੀ ਭਰਵੀਂ ਦਾਹੜੀ ਉੱਤੇ ਕਦੀ ਕਾਲਖ ਨਹੀਂ ਪੋਚੀ। ਜਵਾਨ ਬਣੇ ਰਹਿਣ ਦੀ ਨਕਲੀ ਕੋਸ਼ਿਸ਼ ਨਹੀਂ ਕੀਤੀ। ਚਿੱਟੇ ਰੂਪ ਵਿੱਚ ਮੈਂ ਅਸਲੀ ਹਾਂ-ਜਵਾਨ ਹਾਂ।

ਬਾਬਾ ਬੋਹੜ ਦੀ ਦਾਹੜੀ ਏਨੀ ਸਿਹਤਮੰਦ ਤੇ ਲੰਮੀ ਹੁੰਦੀ ਹੈ ਕਿ ਧਰਤੀ ਵਿੱਚ ਆਪਣੀ ਜੜ੍ਹ ਬਣਾ ਲੈਂਦੀ ਹੈ। ਦਾਹੜੀ, ਬੋਹੜ ਲਈ ਨਵ-ਊਰਜਾ ਹੁੰਦੀ ਹੈ।

ਮਨੁੱਖੀ ਉਜਾੜ ਵਿੱਚ ਇਕ ਰੁੱਖ ਹੈ। ਚਾਰ ਉਸ ਦੇ ਟਾਹਣ ਹਨ। ਚਾਰੇ ਟਾਹਣ ਅੱਡ-ਅੱਡ ਦਿਸ਼ਾ ਵੱਲ ਵਧੇ ਹੋਏ ਹਨ। ਫੈਲੇ ਹੋਏ ਹਨ। ਇਕ ਟਾਹਣ ਦੂਰ ਸਮੁੰਦਰੋਂ ਪਾਰ ਚਲਾ ਗਿਆ ਹੈ। ਦੂਸਰੇ ਟਾਹਣ ਦੇ ਰਾਹ ਵਿੱਚ ਨਹਿਰ ਹੈ - ਜੋ ਸਮੁੰਦਰ ਤੋਂ ਵਧ ਗਹਿਰੀ ਹੈ। ਦੋ ਟਾਹਣਾਂ ਵਿਚਾਲੇ ਸੜਕ ਹੈ। ਜੋ ਚੜ੍ਹਦੇ ਤੇ ਲਹਿੰਦੇ ਪੰਜਾਬ ਵਿੱਚੋਂ ਦੀ ਲੰਘਦੀ ਹੈ।

ਚਾਰ ਪੰਛੀ ਹਨ। ਚਾਰ ਸ਼ਾਖਾਵਾਂ ਹਨ। ਚਾਰ ਆਹਲਣੇ ਹਨ।

ਸਮੁੰਦਰ ਹੈ, ਨਹਿਰ ਹੈ। ਪਰ ਸੁੱਕ ਗਏ ਹਨ ਪਿਆਰ ਦੇ ਸੋਮੇ।

ਚਾਰੇ ਪੰਛੀ ਪਿਆਸੇ ਹਨ।

ਰੁੱਖ ਪੁਰਾਣਾ ਹੋ ਗਿਆ ਹੈ। ਪਰ ਰੁੱਖ ਦੀਆਂ ਜੜ੍ਹਾਂ ਵਿੱਚ ਹਾਲੀ ਪਾਣੀ ਹੈ – 76 ਸਾਲਾ ਇਸ ਰੁੱਖ ਦਾ ਜਦੋਂ ਕੋਈ ਪੱਤਾ ਟੁੱਟੇ–ਦੁੱਧ ਨਿਕਲਦਾ ਹੈ।

ਬੰਦ ਮਕਾਨ ਦੇ ਬੰਦ ਪਰਨਾਲੇ ਲਾਗੇ, ਕੰਧ ਵਿੱਚ ਉੱਗਿਆ ਰੁੱਖ, ਕਈ ਵਾਰ ਕਾਫੀ ਵੱਡਾ ਹੋ ਜਾਂਦਾ ਹੈ। ਛਾਂ ਵੀ ਹੁੰਦੀ ਹੈ। ਇਸ ਰੁੱਖ ਦੀ ਛਾਂ ਹੇਠ ਕੋਈ ਨਹੀਂ ਬੈਠਦਾ, ਕਿਉਂਕਿ ਛਾਂ ਕੱਲਰੀ ਕੰਧ ਉੱਤੇ ਪੈਂਦੀ ਹੈ। ਮੈਂ ਵੀ ਇਕ ਰੁੱਖ ਹਾਂ। ਪਰ ਮੇਰੀਆਂ ਜੜ੍ਹਾਂ ਧਰਤੀ ਵਿੱਚ ਹਨ, ਕੰਧ ਵਿੱਚ ਨਹੀਂ। ਦਰਵੇਸ਼ਾਂ ਨੂੰ ਲੋੜੀਏ ਰੁੱਖਾਂ ਦੀ ਜੀਰਾਂਦ, ਵਾਲਾ ਮੈਂ ਰੁੱਖ ਨਹੀਂ। ਨਾ ਹੀ ਮੈਂ ਦਰਵੇਸ਼ ਹਾਂ।

ਲੁਧਿਆਣਾ ਵਿਖੇ ਛੋਟੇ–ਛੋਟੇ ਸੈਲਫ ਹੈਲਪ (ਸਵੈ ਸਹਾਇਤਾ) ਉਦਯੋਗਿਕ ਗਰੁੱਪਾਂ ਦਾ ਵੱਡਾ ਮੇਲਾ ਲੱਗਿਆ ਹੋਇਆ ਸੀ। ਕਾਲਜ ਦੀ ਖੁੱਲ੍ਹੀ ਗਰਾਊਂਡ ਵਿੱਚ ਕਈ ਦਿਨ ਇਹ ਮੇਲਾ ਲੱਗਾ ਰਹਿਣਾ ਸੀ। ਸੈਂਕੜੇ ਆਰਜ਼ੀ ਦੁਕਾਨਾਂ ਸਜੀਆਂ ਹੋਈਆਂ ਸਨ। ਭਾਂਤ–ਭਾਂਤ ਦੇ ਪੰਘੂੜੇ ਵੀ ਲੱਗੇ ਹੋਏ ਸਨ। ਦਰਸ਼ਕਾਂ ਦੀ ਵੱਡੀ ਭੀੜ ਸੀ। ਬੱਚੇ ਨੌਜਵਾਨ, ਕੁੜੀਆਂ ਮੁੰਡੇ ਆਸਮਾਨ ਛੂੰਹਦੇ, ਹਵਾ ਨਾਲ ਗੱਲਾਂ ਕਰਦੇ ਪੰਘੂੜਿਆਂ ਦੇ ਡੱਬਿਆਂ ਵਿੱਚ ਬੈਠ ਕੇ, ਝੂਟੇ ਲੈ ਰਹੇ ਸਨ। ਮੈਂ ਵੀ ਪੰਘੂੜੇ ਦੀ ਟਿਕਟ ਲੈਣ ਲਈ ਕਾਊਂਟਰ ’ਤੇ ਗਿਆ–ਮੇਰੀ ਚਿੱਟੀ ਦਾਹੜੀ ਵੇਖ ਕੇ, ਕਰਿੰਦੇ ਨੇ ਮੈਨੂੰ ਟਿਕਟ ਦੇਣ ਤੋਂ ਇਨਕਾਰ ਕਰ ਦਿੱਤਾ। ‘ਸਰਦਾਰ ਜੀ, ਖਤਰਨਾਕ ਖੇਡ ਹੈ। ਆਸਮਾਨੇ ਚੜ੍ਹਨਾ ਹੈ– ਇਕ ਝਟਕੇ ਵਿੱਚ ਹੇਠਾਂ ਉਤਰਨਾ ਹੈ। ਬੱਚੇ, ਨੌਜਵਾਨ ਤਾਂ ਇਹ ਖੇਡ–ਖੇਡ ਸਕਦੇ ਹਨ– ਨੌਜਵਾਨਾਂ ਦਾ ਦਿਲ ਤਕੜਾ ਹੁੰਦਾ ਹੈ।’ ਮੇਰੀ ਜ਼ਿਦ ਕਰਨ ਉੱਤੇ ਕਰਿੰਦੇ ਨੇ ਮੇਰੇ ਪਾਸੋਂ ਲਿਖਵਾ ਕੇ, ਗਵਾਹੀ ਪਵਾ ਕੇ, ਕਾਗਜ਼ ਆਪਣੀ ਜੇਬ ਵਿੱਚ ਰੱਖ ਲਿਆ–ਮੈਂ ਆਪਣੇ ਰਿਸਕ ਉੱਤੇ ਪੰਘੂੜੇ ਦੀ ਸਵਾਰੀ ਕਰ ਰਿਹਾ ਹਾਂ– ਸਾਰੀ ਜ਼ਿੰਮੇਵਾਰੀ ਮੇਰੀ ਹੈ। ਦੋ–ਦੋ ਸਵਾਰੀਆਂ ਵਾਲੇ ਚਾਰੇ ਪੰਘੂੜਾ ਖਾਨਿਆਂ ਵਿੱਚੋਂ, ਇਕ ਖਾਨੇ ਵਿੱਚ ਮੈਂ ਤੇ ਮੇਰਾ ਛੋਟਾ ਮਿੱਤਰ ਬੰਤ ਸਿੰਘ ਬੈਠ ਗਏ। ਪੰਘੂੜੇ ਘੁੰਮਣੇ ਸ਼ੁਰੂ ਹੋਏ– ਤੇਜ਼, ਹੋਰ, ਹੋਰ ਤੇਜ਼...। ਬੱਚੇ, ਨੌਜਵਾਨ ਕੂਕਾਂ ਮਾਰਨ ਲੱਗੇ–ਹਾਏ ਮਰ ਗਏ, ਬਚਾਅ ਲੈ ਰੱਬਾ...। ਜਦੋਂ ਪੰਘੂੜਾ ਉੱਪਰ ਨੂੰ ਜਾਂਦਾ ਸੀ– ਮੇਰਾ ਸਾਹ ਹੋਰ ਉੱਪਰ ਚਲਾ ਜਾਂਦਾ ਸੀ। ਪੰਘੂੜਾ ਹੇਠਾਂ ਨੂੰ ਆਉਂਦਾ ਸੀ, ਮੇਰਾ ਦਿਲ ਬੈਠ ਜਾਂਦਾ ਸੀ। ਜੇ ਮੇਰਾ ਸਾਹ ਉਤਾਂਹ ਦਾ ਉਤਾਂਹ ਹੀ ਰਹਿ ਗਿਆ। ਮੈਂ ਕਮਜ਼ੋਰ ਦਿਲ ਸਾਬਤ ਹੋ ਜਾਵਾਂਗਾ। ਹਮੇਸ਼ਾਂ ਲਈ ਮੇਰੇ ਸਾਹ ਉੱਪਰ ਹੀ ਹਵਾ ਵਿੱਚ ਰਹਿ ਜਾਣਗੇ। ਰਿੰਗ ਤੋਂ ਪਾਸੇ ਖੜ੍ਹੇ ਸੈਂਕੜੇ ਦਰਸ਼ਕਾਂ ਨੇ ਤਾੜੀਆਂ ਮਾਰੀਆਂ।

ਮੈਂ ਫਲਾਇੰਗ ਆਫੀਸਰ ਸ਼ਿਓ ਸ਼ੰਕਰ ਦੂਬੇ ਦੇ ਪਿਛਲੀ – ਕੋ–ਪਾਇਲਟ ਦੀ ਸੀਟ ਉੱਤੇ ਬੈਠਾ ਸਾਂ, ਅਸੀਂ ਫੌਜੀ ਲੜਾਕੂ ਹਵਾਈ ਜਹਾਜ਼ ਵੈਮਪਾਇਅਰ ਉੱਤੇ ਸਵਾਰ ਸਾਂ। ਅਸੀਂ ਜੰਮੂ ਤੋਂ ਸਿਰੀਨਗਰ ਜਾ ਰਹੇ ਸਾਂ। ਮੇਰੀ ਹਵਾਈ ਡਿਊਟੀ ਨਹੀਂ ਸੀ। ਮੈਂ ਗਰਾਊਂਡ ਟੈਕਨੀਸ਼ਨ ਸਾਂ। ਹਵਾਈ ਜਹਾਜ਼ ਬਹੁਤ ਉੱਚਾ ਚੜ੍ਹ ਗਿਆ ਸੀ। ਹਵਾ ਵਿੱਚ ਤਾਰੀਆਂ ਲਾ ਰਿਹਾ ਸੀ। ਹਵਾਈ ਜਹਾਜ਼ ਉੱਚੇ ਪਹਾੜਾਂ ਉੱਤੋਂ ਦੀ ਲੰਘ ਰਿਹਾ ਸੀ। ਬਰਫ਼ੀਲੀਆਂ ਚੋਟੀਆਂ ਹੇਠਾਂ ਰਹਿ ਗਈਆਂ ਸਨ। ਮੈਂ ਬਦਲਾਂ ਦੇ ਉੱਪਰ ਉੱਡ ਰਿਹਾ ਸਾਂ। ਏਨੇ ਸਾਲਾਂ ਬਾਅਦ ਵੀ ਮੈਂ ਬਦਲਾਂ ਦੇ ਉੱਪਰ ਉੱਡ ਰਿਹਾ ਮਹਿਸੂਸ ਕਰ ਰਿਹਾ ਹਾਂ। ਧਰਤੀ ਛੋਟੀ ਜਿਹੀ ਹੈ। ਮੈਂ ਫੈਲਿਆ ਹੋਇਆ ਹਾਂ। ਮੇਰਾ ਦਿਲ, ਜਿਗਰ, ਗੁਰਦਾ, ਮਜ਼ਬੂਤ ਹਨ।

ਮੈਂ ਆਈਨੇ ਸਾਹਮਣੇ ਖੜ੍ਹਾ ਹਾਂ। ਦਾਹੜੀ ਮੇਰੀ ਸੰਘਣੀ ਤੇ ਸਾਬਤ–ਸਬੂਤੀ ਹੈ। ਹਿਮਾਲਿਆ



ਪਰਬਤ ਦੀ ਸਭ ਤੋਂ ਉੱਚੀ ਬਰਫ਼ੀਲੀ ਚੋਟੀ ਵਰਗੀ ਚਿੱਟੀ–ਸੂਰਜ ਦੀਆਂ ਪਹਿਲੀਆਂ ਕਿਰਨਾਂ ਇਸ ਚੋਟੀ ਉੱਤੇ ਪੈਂਦੀਆਂ ਹਨ– ਫੇਰ ਮੇਰੇ ਮਸਤਕ ਤੱਕ ਪਹੁੰਚਦੀਆਂ ਹਨ। ਸਿਰ ਦੇ ਵਾਰ ਹੌਲੀ–ਹੌਲੀ ਝੜ ਗਏ ਹਨ। ਕੰਨਾਂ ਤੇ ਗਿੱਚੀ ਪਿੱਛੇ ਹੀ ਕੁਝ ਵਾਰ ਬਚੇ ਹਨ। ਸਿਰ ਉੱਤੇ ਦਸਤਾਰ ਨਾ ਸਜਾਈ ਹੋਵੇ ਤਾਂ ਮੇਰੀ ਤਸਵੀਰ ਤੋਂ, ਸਾਧੂ, ਯੋਗੀ, ਸਵਾਮੀ, ਬਾਬਾ, ਬਾਪੂ ਦਾ ਭੁਲੇਖਾ ਪੈਂਦਾ ਹੈ। ਪਰ ਮੈਨੂੰ ਕੋਈ ਭੁਲੇਖਾ ਨਹੀਂ। ਮੈਂ ਤਾਂ ਇਕ ਸਾਧਾਰਨ ਮਨੁੱਖ ਹਾਂ। ਕੇਸ ਹੀਣਾ ਮੇਰਾ ਲਿਸ਼ਕਦਾ ਸਿਰ, ਮੀਲਾਂ ਤੱਕ ਫੈਲੀ ਹੋਈ ਲਿਸ਼ਕਦੀ ਹਵਾਈ ਪੱਟੀ ਵਰਗਾ ਹੈ ਧਰਤੀ ਅੰਬਰ ਦਾ ਏਥੇ ਮਿਲਾਪ ਹੁੰਦਾ ਹੈ। ਮੇਰੇ ਸਿਰ ਮੱਥੇ ਦੇ ਸ਼ਾਮਿਆਨੇ ਹੇਠਾਂ ਇਕ ਪੂਰਾ ਸੰਸਾਰ ਵਸਦਾ ਹੈ। ਮਸਤਕ ਵਿਚਲੀਆਂ ਤਰੰਗਾਂ ਬ੍ਰਹਿਮੰਡ ਦੇ ਹਰ ਕੋਨੇ ਨਾਲ ਜੁੜੀਆਂ ਹੋਈਆਂ ਹਨ। ਜਦੋਂ ਮੈਂ ਕਾਲਜ ਵਿੱਚ ਪੜ੍ਹਾਉਂਦਾ ਸਾਂ, ਕਰੀਬ ਹਰ ਰੋਜ਼ ਹੀ ਆਪਣੇ ਹਰ ਪੀਰੀਅਡ ਵਿੱਚ ਬ੍ਰਹਿਮੰਡ ਦੀ ਕਿਸੇ ਨੁੱਕਰ ਨੂੰ ਮੈਂ ਆਪਣੇ ਲੈਕਚਰ ਵਿੱਚ ਉਤਾਰ ਲੈਂਦਾ ਸਾਂ। ਉਦਾਹਰਣ ਦਿੰਦਾ ਸਾਂ। ਮੇਰੇ ਮਸਤਕ ਹੇਠਲਾ ਬ੍ਰਹਿਮੰਡ ਹਾਲੀ ਬੁੱਢਾ ਨਹੀਂ ਹੋਇਆ।

ਕੱਦ ਮੇਰਾ ਬਹੁਤਾ ਉੱਚਾ ਨਹੀਂ। ਛੇ ਫੁੱਟ ਤੋਂ ਥੋੜ੍ਹਾ ਹੇਠਾਂ ਹੈ। ਪਰ ਮੈਂ ਆਪਣੇ ਕੱਦ ਨਾਲੋਂ ਓਦੋਂ ਵੀ ਉੱਚਾ ਲਗਦਾ ਸਾਂ–ਤੇ ਹੁਣ ਵੀ। ਪਰੇਡ ਨੂੰ ਮੈਂ ਹੀ ਸਲਾਮੀ ਲਈ ਪੇਸ਼ ਕਰਦਾ ਸਾਂ। ਏਅਰਮੈਨ ਮਾਰਚ ਕਰਦੇ ਸਨ– ਮੈਂ ਸਭ ਤੋਂ ਅੱਗੇ ਹੁੰਦਾ ਸਾਂ। ਦੱਖਣੀ ਤੇ ਪੂਰਬੀ ਪੱਛਮੀਂ ਭਾਰਤੀ ਏਅਰਮੈਨ ਛੋਟੇ ਕੱਦ ਦੇ ਸਨ। ਮੈਂ ਉਨ੍ਹਾਂ ਵਿੱਚੋਂ ਸਭ ਤੋਂ ਉੱਚਾ ਸਾਂ। ਮੈਂ ਸਭ ਤੋਂ ਅੱਗੇ ਜਾਂ ਸਕਵੈਡ ਦੀ ਸੱਜੀ ਨੁੱਕਰੇ ਮਾਰਚ ਕਰਨਾ ਹੁੰਦਾ ਸੀ। ਮੰਚ ਲਾਗੋਂ ਦੀ ਗੁਜ਼ਰਦਿਆਂ ਕਿਸੇ ਵੀ.ਆਈ.ਪੀ. ਨੂੰ ਸਲਾਮੀ ਦਿੰਦਿਆਂ– ਮੈਂ ਖੱਬੇ ਪਾਸੇ ਵੀ ਆਈ. ਪੀ. ਵੱਲ ਸਿਰ ਨਹੀਂ ਸੀ ਮੋੜਨਾ ਹੁੰਦਾ– ਬਸ ਸਿੱਧਾ ਹੀ ਵੇਖਣਾ ਹੁੰਦਾ ਸੀ। ਬਾਕੀ ਸਾਰੇ ਸਕਵੈਡ ਨੇ ਮੇਰੇ ਤੋਂ ਸੇਧ ਲੈ ਕੇ ਤੁਰਨਾ ਹੁੰਦਾ ਸੀ। ਯੁੱਗ ਬੀਤ ਗਿਆ ਹੈ–ਸਕਵੈਡ ਨੂੰ ਵਿਸਰਜਨ ਹੋਇਆਂ। ਪਾਣੀ ਲੰਘ ਜਾਂਦੇ ਹਨ– ਬੇੜੀ ਦਾ ਪੂਰਾ ਫੇਰ ਨਹੀਂ ਕਦੀ ਜੁੜਦਾ। ਤ੍ਰਿੰਜਣ ਜੁੜਦੇ ਸਨ– ਭੰਡਾਰ ਲਗਦੇ ਸਨ– ਤ੍ਰਿੰਜਣ ਦੀਆਂ ਕੁੜੀਆਂ, ਚਰਖੇ ਦੀ ਲੰਮੀ ਤੰਦ ਕੱਢਦੀਆਂ ਸਨ, ਜਿਉਂ ਸੌਹਰੇ ਤੁਰਦੀਆਂ–ਮੁੜ ਨਹੀਂ ਕਦੀ ਜੁੜਦੀਆਂ। ਫਲਾਈਟ ਸਾਰਜੰਟ ਗੋਪਾਲ ਕ੍ਰਿਸ਼ਨਨ ਮੈਨੂੰ ਕਿਹਾ ਕਰਦਾ ਸੀ– ਯੂ. ਲਾਫਟੀ! (ਉੱਚਾ ਬੰਦਾ) ਸ਼ਾਇਦ ਹੁਣ ਕਿਤੇ ਕੋਈ ਬੰਦਾ ਮੈਨੂੰ ਕਹਿੰਦਾ ਹੋਵੇਗਾ–ਯੂ, ਲਾਫਟੀ, ਓਦੋਂ ਮੈਂ ਏਅਰ ਸਕਵੈਡ ਨੂੰ ਸੇਧ ਦਿੰਦਾ ਸਾਂ– ਸ਼ਾਇਦ ਹੁਣ ਵੀ ਮੇਰੇ ਪਾਸੋਂ ਕੋਈ ਸੇਧ ਲੈਂਦਾ ਹੋਵੇਗਾ। ਪਤਾ ਨਹੀਂ। ਬਿਨਾਂ ਮੰਗੀ ਸੇਧ ਦੇਣ ਲਈ ਬਹੁਤ ਹਨ। ਮੰਜੀਆਂ ਹਨ। ਬੌਣੇ ਹਨ। ਗੁਰੂ ਲਾਧੋ ਰੇ ਕਹਿਣ ਵਾਲਾ ਕੋਈ ਨਹੀਂ।

ਕਾਫੀ ਸਾਰੇ ਉਮੀਦਵਾਰਾਂ ਵਿੱਚੋਂ, ਮਾਲ ਮੰਤਰੀ ਅਜਮੇਰ ਸਿੰਘ, ਪ੍ਰਧਾਨ ਕਾਲਜ ਪ੍ਰਬੰਧਕ ਕਮੇਟੀ ਨੇ, ਬਾਰੀਕ, ਪਰ ਵੱਡਾ ਛਾਨਣਾ ਲਗਾ ਕੇ, ਮੈਨੂੰ ਲੈਕਚਰਰ ਚੁਣਿਆ। ਤੇ ਫੇਰ ਪੰਦਰਾਂ ਵੀਹ ਦਿਨਾਂ ਬਾਅਦ ਕਾਲਜ ਕਮੇਟੀ ਦੀ ਪੂਰੀ ਇਕਤਰਤਾ ਸਾਹਮਣੇ ਮੈਨੂੰ ਪੇਸ਼ ਕੀਤਾ– ਇਹ ਜੁਆਨ ਜਿਹੜਾ ਮੈਂ ਪ੍ਰੋਫੈਸਰ ਚੁਣਿਆ, ਦੇਖੋ, ਜਿਸ ਦਾ ਕੱਦ ਕਾਠ, ਚਮਕਦਾ ਚਿਹਰਾ। ਪਤਾ ਨਹੀਂ, ਸ਼ਾਇਦ ਕੋਈ ਪਾਰਦਰਸ਼ੀ ਅੱਖ ਸੀ ਅਜਮੇਰ ਸਿੰਘ ਦੀ। ਮੈਂ ਸ਼ੀਸ਼ੇ ਨੂੰ ਪੁੱਛਿਆ– ਤੂੰ ਮੈਨੂੰ ਦੱਸ ਮੇਰਾ ਚਿਹਰਾ ਹੁਣ ਵੀ ਚਮਕਦਾ ਹੈ ਕਿ ਨਹੀਂ? ਲਾਲ ਸਿੰਘ ਦਿਲ ਫਿਰਦਾ ਤੁਰਦਾ ਕਾਲਜ ਆਇਆ। ਮੈਂ ਕਾਲਜ ਦੀ ਜਮਾਤ ਵਿੱਚ ਪੜ੍ਹਾ ਰਿਹਾ ਸਾਂ। ਟੇਬਲ ਉੱਤੇ ਛੋਟਾ ਟੇਬਲ ਰੱਖ ਕੇ ਮੈਂ ਲੈਕਚਰ ਸਟੈਂਡ ਬਣਾਇਆ ਹੋਇਆ ਸੀ। ਲਾਲ ਸਿੰਘ ਦਿਲ, ਇਕਬਾਲ ਸਿੰਘ ਕੰਗ, ਨਾਲ ਆਏ ਆਪਣੇ ਸਾਥੀ ਨੂੰ, ਕਹਿ ਰਿਹਾ ਸੀ– ਮੈਨੂੰ ਏਥੇ ਇਕੋ ਹੀ ਪ੍ਰੋਫੈਸਰ ਦਿਸਿਆ ਹੈ– ਬਾਕੀ ਤਾਂ

ਸਾਰੇ ਟੁੱਟੇ ਜਹੇ, ਅਧੂਰੇ ਜਿਹੇ ਹਨ, ਬੇਨੂਰ ਜਹੇ ਹਨ। ਓਦੋਂ ਮੈਂ ਏਥੇ ਸਿਰਫ ਲਾਲ ਸਿੰਘ ਦਿਲ ਨੂੰ ਹੀ ਜਾਣਦਾ ਸਾਂ। ਦਰਪਣ ਵਿਚਲੇ ਚਿਹਰੇ ਨੇ ਮੈਨੂੰ ਕਿਹਾ, ਹਵਾਵਾਂ ਚੱਲ ਚੱਲ ਕੇ ਥੱਕ ਗਈਆਂ ਨੇ – ਤੂੰ ਨਹੀਂ ਥੱਕਿਆ। ਤੂੰ ਨਹੀਂ ਰੁਕਿਆ। ਸਮੇਂ ਦਾ ਜੁੱਸਾ ਢਲ ਗਿਆ ਹੈ – ਤੇਰੇ ਚਿਰੇ ਵਿੱਚ ਹਾਲੀ ਵੀ ਆਫਤਾਬ ਜਗਦਾ ਹੈ। ਮੈਂ ਆਈਨੇ ਵਿੱਚ ਆਪਣਾ ਚਿਹਰਾ ਧਿਆਨ ਨਾਲ ਫੇਰ ਵੇਖਿਆ-ਮੇਰੇ ਮੱਥੇ ਉੱਤੇ, ਅੱਖਾਂ ਲਾਗੇ, ਚਿਹਰੇ ਉੱਤੇ, ਕੋਈ ਝੁਰੜੀ ਨਹੀਂ ਹੈ। ਅੱਖਾਂ ਨੀਲੇ ਪਾਣੀ ਦੀਆਂ ਡੂੰਘੀਆਂ ਦੋ ਝੀਲਾਂ ਵਾਂਗ ਹਨ – ਜਿਨ੍ਹਾਂ ਵਿੱਚ ਇੱਕ-ਇੱਕ ਸੂਰਜ ਇਸ਼ਨਾਨ ਕਰਦਾ ਹੈ। ਅੱਖਾਂ ਨੇੜਲੀਆਂ ਉਚਾਈਆਂ ਉੱਤੇ ਭਰਵੱਟਿਆਂ ਦਾ ਖੱਬਲ ਘਾਹ, ਅੱਖਾਂ ਦੀ ਹਿਫਾਜ਼ਤ ਕਰਦਾ ਹੈ। ਪੰਦਰਾਂ ਸਾਲ ਪਹਿਲਾਂ ਮੇਰੀਆਂ ਅੱਖਾਂ, ਮੇਰੀ ਕਲਮ ਦਾ ਪੂਰਾ ਸਾਥ ਨਹੀਂ ਸਨ ਦੇ ਰਹੀਆਂ। ਕਰਨੈਲ ਸਿੰਘ ਥਾਲੀਵਾਲ, ਮੈਨੂੰ ਆਪਣੇ ਮਿੱਤਰ ਡਾਕਟਰ ਰਮੇਸ਼ ਦੇ ਅੱਖਾਂ ਦੇ ਹਸਪਤਾਲ ਲੈ ਕੇ ਗਿਆ। ਮੇਰੇ ਲੇਖਕ ਹੋਣ ਬਾਰੇ ਦੱਸਿਆ। ਦੋ ਮਹੀਨਿਆਂ ਦੀ ਵਿੱਥ ਉੱਤੇ ਡਾ. ਰਮੇਸ਼ ਨੇ ਮੇਰੀਆਂ ਦੋਹਾਂ ਅੱਖਾਂ ਵਿੱਚ ਲੈਂਜ਼ ਫਿਟ ਕਰ ਦਿੱਤੇ। ਵਾਰ ਵਾਰ ਕਹਿਣ ਉੱਤੇ ਵੀ ਡਾ. ਰਮੇਸ਼ ਨੇ ਮੇਰੇ ਪਾਸੋਂ ਕੋਈ ਪੈਸਾ ਨਾ ਲਿਆ। ਲੋਕਾਂ ਲਈ ਲਿਖਦੇ ਹੋ। ਲਿਖਣ ਦੀ ਗਤੀ ਹੋਰ ਤੇਜ਼ ਕਰੋ। ਬਹੁਤ ਸਾਰੇ ਮੰਦ-ਸੋਚ ਦੇ ਵਿਅਕਤੀ ਚੰਗੀ ਚੀਜ਼ ਵਿੱਚੋਂ ਵੀ ਮਾੜਾ ਦੇਖਦੇ ਹਨ, ਮਾੜਾ ਕਰਦੇ ਹਨ, ਉਨ੍ਹਾਂ ਨੂੰ ਨਹੀਂ, ਤੁਹਾਨੂੰ ਰੌਸ਼ਨ ਅੱਖਾਂ ਕਿਤੇ ਵੱਧ ਲੋੜ ਹੈ। ਡਾ. ਰਮੇਸ਼ ਨੇ ਮੇਰੀ ਕਲਮ ਦੀ ਕਦਰ ਪਾਈ। ਸਵੇਰ ਤੋਂ ਲੈ ਕੇ, ਮੈਨੂੰ ਲਿਖਦਿਆਂ ਜ਼ਿੰਦਗੀ ਦੀ ਸ਼ਾਮ ਢਲ ਆਈ ਹੈ। ਕਿਥੇ ਹਨ ਇਕ ਨਜ਼ਰ ਵਾਲੇ ਕਦਰਦਾਨ। ਨਜ਼ਰ ਵਿੱਚ ਮਦ-ਮਾਇਆ-ਮੈਲਾ ਪਾਸਕੂ ਹੈ। ਪਰ ਮੈਂ ਵੀ ਠਾਨ ਲਈ ਹੈ। ਥੱਕਣਾ ਨਹੀਂ, ਰੁਕਣਾ ਨਹੀਂ, ਦੌੜਨਾ ਨਹੀਂ, ਸਮ-ਚਾਲ ਤੁਰਦੇ ਰਹਿਣਾ ਹੈ।

ਵਾਹਿਗੁਰੂ ਤੇਰਾ ਸ਼ੁਕਰ ਹੈ। ਮੈਂ ਛੱਤੀ ਪਦਾਰਥ ਚਖ ਸਕਦਾ ਹੈ। ਮੇਰੇ ਬੱਤੀ ਦੇ ਬੱਤੀ ਦੰਦ ਕਾਇਮ ਹਨ। ਤੇਤੀਵਾਂ ਬੋਨਿਸ ਦੰਦ ਉੱਗ ਰਿਹਾ ਹੈ। ਦੰਦ ਹਨ ਤਾਂ ਸਵਾਦ ਹੈ। ਜਗਤ ਵੰਨ-ਸੁਵੰਨੇ ਸਵਾਦਾਂ ਦਾ ਵਿਸ਼ਵ-ਥਾਲ ਹੈ। ਜਿਸ ਦੀਆਂ ਸੈਂਕੜੇ ਨਾੜੀਆਂ ਵਿੱਚ ਲਹੂ ਦਾ ਸਮ-ਸੰਚਾਰ ਹੈ। ਮੈਨੂੰ ਆਪਣੇ ਸਰੀਰ ਨਾਲ ਪਿਆਰ ਹੈ। ਹੱਥੀਂ ਮਨ-ਮਿਹਨਤ ਨਾਲ ਭਰੇ ਭੰਡਾਰ ਵਿੱਚੋਂ, ਪਿਆਰ ਦੇ ਤੜਕੇ ਨਾਲ, ਬਣਿਆ ਹਰ ਤਰ੍ਹਾਂ ਦਾ ਖਾਣਾ, ਮੈਨੂੰ ਦਰਕਾਰ ਹੈ। ਪੇਟ ਦੀ ਦਰੁਸਤੀ ਲਈ, ਮਨ ਦੀ ਚੁਸਤੀ ਲਈ, ਕੋਈ ਦਵਾਈ ਮੇਰੇ ਲਈ ਹਾਨੀਕਾਰਕ ਹੈ।

ਗੁਰੂ ਸਾਹਿਬ ਫਰਮਾਉਂਦੇ ਹਨ –

ਖਾਵਹਿ ਖਰਚਹਿ ਰਲਿ ਮਿਲਿ ਭਾਈ-ਤੋਟ ਨਾ ਆਵੇ, ਵਧਦੋ ਜਾਈ।

........

ਖਾਂਦਿਆਂ ਖਾਂਦਿਆਂ, ਮੁਹੁ ਘਟਾ, ਪੈਨੰਦਿਆਂ ਸਭੁ ਅੰਗ<br>
ਨਾਨਕ, ਧ੍ਰਿਗ ਤਿਨਾ ਦੇ ਜੀਵਿਆ, ਜਿਨ ਸਚਿ ਨਾ ਲਗੋ ਰੰਗ।

ਹੇ ਗੁਰੂ ਮੈਨੂੰ ਬਲ ਦੇ, ਮੈਂ ਸੱਚ ਦੀ ਰਾਹੇ ਤੁਰਦਾ ਰਹਾਂ।

ਮੇਰੀ ਉਮਰ ਦੇ ਹੀ ਹਨ ਬਿਹਾਰੀ ਲਾਲ ਸੱਦੀ ਤੇ ਪ੍ਰੇਮ ਸਾਗਰ ਸ਼ਰਮਾ। ਬਹੁਤ ਉੱਚਾ ਸੁਣਦਾ ਇਨ੍ਹਾਂ ਨੂੰ। ਏਸੇ ਕਰਕੇ ਮੰਦਰ ਵਿੱਚ ਵਜਦੇ ਬੰਦਗੀ ਲਾਊਡ ਸਪੀਕਰ ਦੇ ਇਹ ਨੇੜੇ ਰਹਿੰਦੇ ਹਨ। ਹੇ ਰਾਮ, ਤੇਰਾ ਸ਼ੁਕਰ ਹੈ- ਮੇਰੇ ਦੋਵੇਂ ਕੰਨ, ਹਰ ਚੰਗੀ ਗੱਲ, ਹਰ ਚੰਗੀ ਸਲਾਹ, ਹਰ ਚੰਗਾ ਗੀਤ ਸੁਣਦੇ ਹਨ। ਨਿੰਦਾ, ਚੁਗਲੀ, ਅਸ਼ਲੀਲ ਗੀਤਾਂ ਵੱਲ ਕੰਨ ਨਹੀਂ ਕਰਦੇ, ਮੇਰੇ ਕੰਨ।

ਭਾਈ ਗੁਰਦਾਸ ਜੀ ਲਿਖਦੇ ਹਨ-

ਰਤਨਾਂ ਦੇਖੈ ਸਭ ਕੋ ਰਤਨ ਪਾਰਖੂ ਵਿਰਲਾ ਕੋਈ



ਰਾਗ ਨਾਦ ਸਭ ਕੋ ਸੁਣੇ ਸ਼ਬਦ ਸੁਰਤਿ ਸਮਝੇ ਕੋਈ।

ਆਉ ਸ਼ਬਦ ਦੇ ਲੜ ਲੀਏ। ਚੰਗੀਆਂ ਪੁਸਤਕਾਂ ਪੜ੍ਹੀਏ।

ਕਰੀਬ 25 ਸਾਲਾਂ ਤੋਂ ਮੈਨੂੰ ਸ਼ੂਗਰ ਰੋਗ ਹੈ। ਪਰ ਮੈਨੂੰ ਨਹੀਂ ਲਗਦਾ ਕਿ ਮੈਨੂੰ ਕੋਈ ਰੋਗ ਹੈ। ਮੈਂ ਸਦਾ ਹੀ ਸ਼ੂਗਰ ਰੋਗ ਉੱਤੇ ਭਾਰੂ ਰਿਹਾ ਹਾਂ। ਸਬੰਧੀ ਕਹਿੰਦੇ ਹਨ- ਮੈਂ ਮਿੱਠਾ ਨਾ ਖਾਵਾਂ ਜਾਂ ਬਹੁਤ ਘਟ ਖਾਵਾਂ। ਜਦੋਂ ਮੈਂ ਕੋਈ ਮਿੱਠੀ ਚੀਜ਼ ਨਹੀਂ ਖਾਂਦਾ, ਮਿੱਠੀ ਚਾਹ ਨਹੀਂ ਪੀਂਦਾ। ਮੈਨੂੰ ਗੁੱਸਾ ਆਉਣ ਲੱਗਦਾ ਹੈ। ਗੱਲ ਗੱਲ ਉੱਤੇ ਮੈਂ ਕਿਸੇ ਦੇ ਗਲ ਪੈਣ ਨੂੰ ਕਰਦਾ ਹੈ। ਚਾਰੇ ਪਾਸੇ ਕੁੜੱਤਣ ਫੈਲੀ ਲਗਦੀ ਹੈ। ਮੇਰੀ ਕਲਮ ਵੀ ਕੌੜੇ ਸ਼ਬਦ ਲਿਖਦੀ ਹੈ। ਮੈਂ ਮਿੱਠੇ ਬੋਲਾਂ ਤੋਂ ਵਾਂਝਾ ਹੋ ਜਾਂਦਾ ਹਾਂ। ਮੈਂ ਸੋਚਦਾ ਹਾਂ ਮੇਰੀ ਕਲਮ ਨੂੰ ਤਾਂ ਮਿੱਠੇ ਤੇ ਪਿਆਰ ਭਰੇ ਸ਼ਬਦ ਹੀ ਲਿਖਣੇ ਚਾਹੀਦੇ ਹਨ। ਮੈਂ ਪ੍ਰਯੋਗਸ਼ਾਲਾ ਵਿੱਚ ਜਾ ਕੇ ਜਾਂਚ ਕਰਵਾਉਂਦਾ ਹਾਂ। ਮੇਰੀ ਸ਼ੂਗਰ ਹੱਦ ਬਹੁਤ ਵੱਧ ਹੁੰਦੀ ਹੈ। ਤੇ ਫੇਰ ਮੈਂ ਸਵੈ-ਅਨੁਸਾਸ਼ਨ ਦੀ ਡੋਰ ਢਿੱਲੀ ਕਰ ਦਿੰਦਾ ਹਾਂ। ਸ਼ੂਗਰ ਤੋਂ ਪ੍ਰਹੇਜ਼ ਘਟਾ ਦਿੰਦਾ ਹਾਂ। ਮਿੱਠੇ ਪਿਆਰੇ ਬੋਲ ਬੋਲਦਾ ਹਾਂ। ਜਨਪੱਖੀ ਰਚਨਾਵਾਂ ਲਿਖਦਾ ਹਾਂ। ਮਿੱਠੇ ਪਿਆਰੇ ਬੋਲ ਮੈਨੂੰ ਸੁਣਾਈ ਦਿੰਦੇ ਹਨ। ਹਰਜਿੰਦਰਪਾਲ ਸਿੰਘ ਮੇਰੀ ਸ਼ੂਗਰ ਪੱਧਰ ਚੈੱਕ ਕਰਵਾਉਣ ਲਈ ਮੈਨੂੰ ਲੈਬਾਰਟਰੀ ਲੈ ਜਾਂਦਾ ਹੈ- ਮੇਰੀ ਸ਼ੂਗਰ ਪੱਧਰ ਨਾਰਮਲ ਹੁੰਦੀ ਹੈ। ਵਚਿੱਤਰ ਹੈ ਮੇਰੀਆਂ ਭਾਵਨਾਵਾਂ ਦਾ ਸੰਸਾਰ। ਜਾਵਾਂ ਮੈਂ ਆਪੇ ਤੋਂ ਬਲਿਹਾਰ।

ਸ਼ੂਗਰ ਦੀ ਜੜ੍ਹ ਪੈਰਾਂ ਦੀਆਂ ਉਂਗਲਾਂ, ਅੰਗੂਠੇ ਤੋਂ ਪੁੰਗਰਨ ਲੱਗਦੀ ਹੈ – ਪੈਰ ਦੇ ਅੰਗੂਠੇ ਤੋਂ ਸ਼ੂਗਰ ਦੀ ਜੜ੍ਹ ਕਟ ਦਿਓ। ਹਰ ਰੋਜ਼ ਸਵੇਰ ਇਸ਼ਨਾਨ ਕਰਨ ਵੇਲੇ ਮੈਂ ਸਭ ਤੋਂ ਪਹਿਲਾਂ ਪੈਰਾਂ ਦਾ ਹਾਲ ਚਾਲ ਪੁੱਛਦਾ ਹਾਂ। ਮਲਦਾ ਹਾਂ, ਝਸਦਾ ਹਾਂ, ਪਲੋਸਦਾ ਹਾਂ। ਦੋਹਾਂ ਪੈਰਾਂ ਦੇ ਅੰਗੂਠੇ ਤੇ ਉਂਗਲਾਂ ਹਰਕਤ ਵਿੱਚ ਹੁੰਦੀਆਂ ਹਨ। ਤੁਰਨ ਲਈ ਕਾਹਲੇ ਹੁੰਦੇ ਹਨ ਪੈਰ। ਮਾਛੀਵਾੜਾ ਦਾ ਡਾ. ਸੁਖਦੇਵ ਸ਼ਰਮਾ ਕਹਿੰਦੇ ਹਨ ਕਿ ਮੈਂ ਮੁਲਾਇਮ ਤੇ ਕੂਲੀ ਪਬਤਲੀ ਵਾਲੀ ਜੁੱਤੀ, ਬੂਟ ਪਾਵਾਂ। ਅੰਗੂਠਾ-ਚੱਪਲਾਂ ਨਾ ਪਾਵਾਂ। ਵਾਸ਼ਿੰਗਟਨ ਤੋਂ ਮੇਰੀ ਦੋਹਤੀ ਏਕਤਾ ਨੇ ਮੈਨੂੰ ਲਾਲ ਮਿੱਟੀ ਦੇ ਰੰਗ ਦੇ ਬੂਟ ਭੇਜੇ-ਮੇਡ ਇਨ ਚਾਈਨਾ, ਕੀਮਤ 110 ਡਾਲਰ (7,150 ਰੁਪਏ) ਮੈਂ ਸ਼ਸ਼ੋਪੰਜ ਵਿੱਚ ਹਾਂ, ਇਹ ਨਵੇਂ ਮਹਿੰਗੇ ਬੂਟ ਪਾ ਕੇ ਮੈਂ ਕਹਾਣੀਕਾਰ ਮੁਖਤਿਆਰ ਸਿੰਘ ਦੀ ਮਾਤਾ ਜੀ ਦੀ ਅੰਤਿਮ ਅਰਦਾਸ ਭੋਗ ਵਿੱਚ ਕਿਵੇਂ ਸ਼ਾਮਲ ਹੋਵਾਂਗਾ। ਵਾਪਸੀ ਵੇਲੇ ਮੈਂ ਨੰਗੇ ਪੈਰ ਆਵਾਂ ਤਾਂ ਕਿੰਨਾ ਮਾੜਾ ਲੱਗੇਗਾ। ਲਾਲ ਮਿੱਟੀ ਦੇ ਰੰਗ ਦੇ ਗੋਰੇ ਬੂਟ ਜੋ ਕਿਸੇ ਹੋਰ ਪੈਰੀਂ ਪੈ ਕੇ ਚਲੇ ਗਏ। ਜੇ ਕੋਈ ਮਿੱਟੀ ਨਾਲ ਦਗਾ ਕਰ ਗਿਆ ਤਾਂ ਮੈਂ ਆਪਣੀ ਮਿੱਟੀ ਸਾਹਮਣੇ ਕਿਵੇਂ ਜਵਾਬ ਦੇਹ ਹੋਵਾਂਗਾ।

ਅਜੀਤਗੜ੍ਹ ਤੋਂ ਗਿਆਨੀ ਪ੍ਰਤਾਪ ਸਿੰਘ ਚੀਮਾ, ਫੋਨ ਕਰੇਗਾ ਤਾਂ ਹਮੇਸ਼ਾਂ ਕਹੇਗਾ- ਮੈਂ ਸਵੇਰੇ ਘੰਟਾ ਭਰ ਗੁਰਬਾਣੀ ਕੀਰਤਨ ਸੁਣਿਆ ਕਰਾਂ। ਗੁਰਦੁਆਰਾ ਸਾਹਿਬ ਜਾਇਆ ਕਰਾਂ। ਮੈਂ ਹਾਂ, ਹਾਂ ਕਰਦਾ ਹਾਂ। ਪਰ ਮੈਂ ਮੌਤ ਨੂੰ ਯਾਦ ਨਹੀਂ ਰੱਖ ਸਕਦਾ। ਮੌਤ ਬਾਰੇ ਸੋਚਣ ਦਾ ਮੇਰੇ ਪਾਸ ਸਮਾਂ ਹੀ ਨਹੀਂ ਹੈ। ਮੈਂ ਸਮਾਧੀ ਨਹੀਂ ਲਗਾ ਸਕਦਾ- ਮੈਂ ਮੌਨ ਨਹੀਂ ਹੋ ਸਕਦਾ। ਮੇਰੀਆਂ ਲੱਤਾਂ ਨੂੰ ਨਵਾਂ ਪੈਂਡਾ ਚਾਹੀਦਾ ਹੈ। ਨਵੇਂ ਰਾਹਾਂ ਦੀ ਲੋੜ ਹੈ। ਭਾਵੇਂ ਲੱਤਾਂ ਪਾਸੋਂ ਹੀ ਮੈਂ ਮਾਰ ਖਾ ਰਿਹਾ ਹਾਂ। ਹੁਣ ਮੇਰੇ ਪਾਸੋਂ ਬਹੁਤ ਸਮਾਂ ਖੜ੍ਹਾ ਨਹੀਂ ਰਿਹਾ ਜਾ ਸਕਦਾ। ਕਦੀ ਏਅਰਫੋਰਸ ਹੈਂਗਰ ਵਿੱਚ ਚਾਰ ਚਾਰ ਘੰਟੇ ਖੜ੍ਹਾ ਰਹਿ ਕੇ ਜਾਬ ਕਰਦਾ ਸਾਂ। ਹੁਣ ਮੇਰੇ ਪਾਸੋਂ ਬਿਨਾਂ ਝੂਲਣ ਤੋਂ ਤੁਰਿਆ ਨਹੀਂ ਜਾਂਦਾ। ਲੱਤਾਂ ਵਿੱਚ ਝੋਲ ਪੈ ਗਈ ਹੈ। ਲੰਮਾਂ ਸਮਾਂ ਪੈਦਲ ਤੁਰਨਾ ਮੁਹਾਲ ਹੋ ਗਿਆ ਹੈ। ਕਦੀ ਮੈਂ ਇਨ੍ਹਾਂ ਪੈਰਾਂ 'ਤੇ ਤੁਰਦਿਆਂ ਸਿਰੀਨਗਰ ਤੋਂ ਗੁਲਮਰਗ ਤੇ ਹੋਰ ਉੱਪਰ ਲਿਖਨਮਰਗ ਗਿਆ ਸਾਂ।

ਤੇ ਇਨ੍ਹਾਂ ਪੈਰਾਂ ਰਾਹੀਂ ਵਾਪਸ ਮੁੜਿਆ ਸਾਂ। ਹੁਣ ਮੈਂ ਕਲਪਣਾ ਦੇ ਪੈਰਾਂ ਨਾਲ ਪਹਾੜ ਵੀ ਚੜ੍ਹਦਾ ਹਾਂ- ਸਮੁੰਦਰ ਵੀ ਤਰਦਾ ਹਾਂ। ਪਰ ਅਗਲੇ ਜਹਾਨ ਬਾਰੇ ਨਹੀਂ ਸੋਚਦਾ। ਮੇਰਾ ਏਹੋ ਹੀ ਜਹਾਨ ਹੈ ਤੇ ਇਹੋ ਪਲ। ਹੇ ਮਿਹਰਬਾਨ, ਤੇਰੇ ਦਰਬਾਰ ਵਿੱਚ ਮੇਰੀਆਂ ਲੱਤਾਂ ਤੁਰ ਕੇ ਪਹੁੰਚਣ। ਮੰਜੇ ਉੱਤੇ ਪੈ ਕੇ ਨਹੀਂ। ਪਰ ਹਾਲੀ ਮੈਨੂੰ ਮਾਫ ਕਰੀਂ। ਹਾਲੀ ਮੈਂ ਵਿਹਲਾ ਨਹੀਂ। ਮੇਰੇ ਪਾਸ ਬਹੁਤ ਸਾਰੇ ਲੋਕ ਕੰਮ ਬਕਾਇਆ ਪਏ ਹਨ।

ਮੇਰੇ ਦੋਹਾਂ ਹੱਥਾਂ ਦੀਆਂ ਅੱਠੇ ਉੱਗਲਾਂ, ਮੁੰਦੀਆਂ, ਅੰਗੂਠੀਆਂ, ਛਾਪਾਂ ਦਾ ਭਾਰ ਨਹੀਂ ਸਹਿੰਦੀਆਂ। ਧਰਤੀ ਨੂੰ ਸਿਰ ਉੱਤੇ ਚੁੱਕ ਸਕਦੀਆਂ ਹਨ। ਅੰਗੂਠੇ ਮੇਰੇ ਲਕੀਰ ਦੇ ਫਕੀਰ ਨਹੀਂ, ਹੱਟਵਾਂ ਸੰਕੇਤ ਕਰਦੇ ਹਨ। ਮੇਰਾ ਅੰਗੂਠਾ ਹਰ ਜਾਬਰ ਨੂੰ ਅੰਗੂਠਾ ਵਿਖਾ ਸਕਦਾ ਹੈ। ਮੇਰੇ ਪੰਜੇ ਵਿੱਚ ਪੰਜਾਂ ਦੀ ਸ਼ਕਦੀ ਹੈ। ਮੇਰੀਆਂ ਬਾਹਵਾਂ ਗਲਵਕੜੀ ਲਈ ਸਦਾ ਤਿਆਰ ਰਹਿੰਦੀਆਂ ਹਨ- ਹਉਂ ਆਕੜੇ ਗਲੇ ਨੂੰ ਵੀ ਪੈ ਸਕਦੀਆਂ ਹਨ। ਮੇਰੀ ਗਲਵਕੜੀ ਵਿੱਚ ਬ੍ਰਹਿਮੰਡ ਹੁੰਦਾ ਹੈ। ਕਾਇਨਾਤ ਕੈਦੀ ਨਹੀਂ ਹੁੰਦੀ। ਕੁਦਰਤ ਹਰਿਆਵਲ ਦੀ ਬੰਸਰੀ ਵਜਾਉਂਦੀ ਹੈ। ਮੈਂ ਮੂਕ ਚਾਂਦਨੀ ਨਾਲ ਤੁਰਦਾ ਹਾਂ-ਹੌਲੇ ਹੌਲੇ ਪੱਬ ਧਰਦਾ- ਕਿਤੇ ਕੋਈ ਸੁੱਤੀ ਪਈ ਤਿਤਲੀ ਮਿੱਧੀ ਨਾ ਜਾਵੇ। ਠੀਕ ਹੈ ਉਮਰ ਦੇ ਇਸ ਮੋੜ ਉੱਤੇ ਆ ਕੇ ਮੇਰੀਆਂ ਬਾਹਾਂ ਦੀਆਂ ਨਾੜੀਆਂ ਉਭਰ ਆਈਆਂ ਹਨ, ਫੁੱਲ ਗਈਆਂ ਹਨ। ਇਹ ਤਾਂ ਸਮੁੰਦਰ ਪਾਰ ਕਰਨ ਵਾਲੀਆਂ ਹਵਾ ਭਰੀਆਂ ਟਿਊਬਾਂ ਹਨ। ਮੇਰੀਆਂ ਨਾੜੀਆਂ ਬੰਜਰ ਧਰਤੀ ਨੂੰ ਜਾਂਦੀਆਂ ਭਰ ਵਗਦੀਆਂ ਨਹਿਰਾਂ ਹਨ।

ਏਅਰ ਫੋਰਸ ਵੇਲੇ ਦੇ ਤੇ ਕਾਲਜ ਸਮੇਂ ਦੇ, ਮੈਂ ਆਪਣੇ ਸਾਰੇ ਕੱਪੜੇ ਲੋੜਵੰਦਾਂ ਨੂੰ ਵੰਡ ਦਿੱਤੇ ਹਨ। ਸੰਸਥਾਵਾਂ ਪੁਰਾਣੀਆਂ ਹੋ ਗਈਆਂ ਹਨ। ਮੈਂ ਹਰ ਰੋਜ਼ ਨਵਾਂ ਲਿਬਾਸ ਪਹਿਨਾਂਗਾ, ਪਰ ਜਾਵਾਂਗਾ ਕਿਥੇ। ਸਵੈ-ਕੇਂਦਰਿਤ ਮਖੌਟਿਆਂ ਦੀ ਭੀੜ ਤਾਂ ਮੈਂ ਬਥੇਰੀ ਹੰਢਾ ਲਈ। ਮੈਂ ਨਵੇਂ ਕੱਪੜੇ ਪਹਿਨਾਂਗਾ, ਆਪਣੇ ਆਂਗਣ ਵਿੱਚ ਰੁੱਖਾਂ ਦੀਆਂ ਛਾਵਾਂ ਹੇਠ ਤੁਰਾਂਗਾ- ਪੱਤਿਆਂ ਨਾਲ ਗੱਲਾਂ ਕਰਾਂਗਾ-ਨਵਾਂ, ਕੋਰਾ, ਤੇ ਤਾਜ਼ਾ ਮਹਿਸੂਸ ਕਰਾਂਗਾ। ਆ ਰਹੀ ਸਰਦ ਰੁੱਤ ਮੈਂ ਨਵਾਂ ਕੋਟ ਸਿਲਾ ਲਿਆ ਹੈ। ਮੈਂ ਹਾਲੀ ਬੁੱਢਾ ਨਹੀਂ ਹੋਇਆ, ਹੈ ਨਾ।

ਕੁਝ ਏਸੇ ਤਰ੍ਹਾਂ ਹੀ ਲੰਘਿਆ ਮੇਰਾ ਸਮਾਂ,
ਮੇਰੇ ਪਾਸ ਹਾਲੀ ਬਾਕੀ ਹੈ ਥੋੜਾ ਜਿਹਾ ਸਮਾਂ,
ਮਨਫੀ ਨਹੀਂ ਮੈਂ ਹੁੰਦਾ ਜਾਵਾਂਗਾ, ਜਮਾਂ+ਜਮਾਂ।

**ਕਵਿਤਾ ਭਵਨ, ਮਾਛੀਵਾੜਾ ਰੋਡ ਸਮਰਾਲਾ-141114**
**ਮੋਬਾ: 94638-08697**

★★★



# ਦੀਵੇ ਹੇਠ ਹਨੇਰਾ
# ਜਦੋਂ ਜਾਗੋ ਉਦੋਂ ਸਵੇਰਾ

**-ਦਰਸ਼ਨ ਸਿੰਘ ਰਿਆੜ**



ਦਹਿਸ਼ਤ, ਅਤੰਕ, ਅੱਤਵਾਦ, ਨਰਸੰਹਾਰ ਕੁਝ ਅਜਿਹੇ ਸ਼ਬਦ ਹਨ ਜਿਨ੍ਹਾਂ ਦਾ ਨਾਮ ਸੁਣਦਿਆਂ ਹੀ ਰੂਹ ਕੰਬ ਉੱਠਦੀ ਹੈ, ਲੂੰ ਕੰਡੇ ਖੜ੍ਹੇ ਹੋ ਜਾਂਦੇ ਹਨ ਮਨੁੱਖਤਾ ਸਹਿਮ ਜਾਂਦੀ ਹੈ ਅਤੇ ਜੋ ਘਰ ਇਸ ਮਨੁੱਖੀ ਵਹਿਸ਼ੀਪੁਣੇ ਦਾ ਸ਼ਿਕਾਰ ਹੁੰਦੇ ਹਨ ਉਨ੍ਹਾਂ ਘਰਾਂ ਵਿੱਚ ਹਨ੍ਹੇਰਾ ਛਾ ਜਾਂਦਾ ਹੈ, ਜ਼ਿੰਦਗੀ ਰੁਕ ਜਾਂਦੀ ਹੈ, ਡਰ, ਚਿੰਤਾ ਅਤੇ ਸਹਿਮ ਵਾਲਾ ਵਾਤਾਵਰਣ ਪੱਸਰ ਜਾਂਦਾ ਹੈ। .... ਇਹ ਅਜਿਹੀ ਭਿਆਨਕ ਖੇਡ ਹੈ ਜਿਸ 'ਤੇ ਸਵਾਰਥ ਬਹੁਤ ਭਾਰੂ ਹੋ ਚੁੱਕਾ ਹੈ। ਜਦੋਂ ਇਹ ਦੂਜਿਆਂ ਦੇ ਘਰਾਂ ਵਿੱਚ ਵਾਪਰੇ ਤਾਂ ਬਸੰਤਰ ਪ੍ਰਤੀਤ ਹੁੰਦੀ ਹੈ ਪਰ ਜਦੋਂ ਸੇਕ ਆਪਣਿਆਂ ਨੂੰ ਵੀ ਲੱਗੇ ਤਾਂ ਅੱਗ ਨਜ਼ਰ ਆਉਂਦੀ ਹੈ। ਪੰਜਾਬੀ ਦਾ ਇਕ ਆਮ ਜਿਹਾ ਮੁਹਾਵਰਾ ਹੈ, "ਖੂਹ ਪੁੱਟਦੇ ਨੂੰ ਖਾਤਾ ਤਿਆਰਾ" ਜਿਹੜਾ ਦੂਜਿਆਂ ਦੇ ਰਾਹ ਵਿੱਚ ਖੂਹ ਰੂਪੀ ਟੋਏ ਪੁੱਟਦਾ ਹੈ, ਦੇਰ ਸਵੇਰ ਉਹ ਖੁਦ ਵੀ ਉਨ੍ਹਾਂ ਵਿੱਚ ਜ਼ਰੂਰ ਡਿੱਗਦਾ ਹੈ।

ਅੱਤਵਾਦ ਹੁਣ ਕਿਸੇ ਇੱਕ ਦੇਸ਼ ਦੀ ਸਮੱਸਿਆ ਨਹੀਂ ਰਹੀ। ਸਮੁੱਚਾ ਵਿਸ਼ਵ ਹੀ ਹੌਲੀ-ਹੌਲੀ ਇਹਦੀ ਗ੍ਰਿਫ਼ਤ ਵਿੱਚ ਆਉਂਦਾ ਜਾ ਰਿਹਾ ਹੈ। ਇਹੋ ਜਿਹੀਆਂ ਦਰਦਨਾਕ ਘਟਨਾਵਾਂ ਦਾ ਜ਼ਿਕਰ ਕਰਨ ਲੱਗੀਏ ਤਾਂ ਬਹੁਤ ਲੰਬੀ ਲਿਸਟ ਬਣ ਜਾਂਦੀ ਹੈ। ਮੁੱਖ ਤੌਰ 'ਤੇ ਪਾਕਿਸਤਾਨ ਨੂੰ ਅੱਤਵਾਦ ਦਾ ਜਨਮਦਾਤਾ ਕਿਹਾ ਜਾਂਦਾ ਹੈ। ਪਾਕਿਸਤਾਨ 'ਚ ਅੱਤਵਾਦ ਦਾ ਲਾਵਾ ਫੈਲਦਾ ਫੈਲਦਾ ਅਫਗਾਨਿਸਤਾਨ ਵਿੱਚ ਤਾਲਿਬਾਨ ਦੇ ਰੂਪ ਵਿੱਚ ਵੱਡਾ ਭਿਆਨਕ ਦਰੱਖਤ ਬਣ ਗਿਆ। ਕਿੰਨੀ ਹੀ ਦੇਰ ਇਹਨੇ ਅਫਗਾਨਿਸਤਾਨ ਵਿੱਚ ਹਕੂਮਤ ਵੀ ਸਾਂਭ ਰੱਖੀ ਸੀ ਤੇ ਇਕ ਸਮੇਂ ਪਾਕਿਸਤਾਨੀ ਦਹਿਸ਼ਤਗਰਦ ਭਾਰਤ ਦਾ ਹਵਾਈ ਜਹਾਜ਼ ਅਗਵਾ ਕਰਕੇ ਅਫਗਾਨਿਸਤਾਨ ਲੈ ਗਏ ਸਨ ਜਿਸ ਹਵਾਈ ਜਹਾਜ਼ ਦੇ ਯਾਤਰੀਆਂ ਨੂੰ ਜਿੰਦਾ ਬਚਾਉਣ ਲਈ ਉਸ ਵੇਲੇ ਦੀ ਭਾਰਤ ਸਰਕਾਰ, (ਅੱਟਲ ਬਿਹਾਰੀ ਵਾਜਪਾਈ ਦੇ ਕਾਰਜਕਾਲ ਸਮੇਂ) ਨੂੰ ਬਹੁਤ ਵੱਡੀ ਕੀਮਤ ਅਦਾ ਕਰਨੀ ਪਈ ਸੀ। ਅਗਵਾਕਾਰਾਂ ਨੇ ਭਾਰਤੀ ਜੇਲ੍ਹ ਵਿੱਚ ਬੰਦ ਕੱਟੜ ਦਹਿਸ਼ਤਗਰਦ ਮਸੂਦ ਅਜਹਰ ਨੂੰ ਛੁਡਵਾਇਆ ਸੀ ਜਿਸ ਨੇ ਪਾਕਿਸਤਾਨ ਵਿੱਚ ਕਈ ਦਹਿਸ਼ਤਗਰਦ ਜਥੇਬੰਦੀਆਂ ਕਾਇਮ ਕੀਤੀਆਂ ਸਨ ਅਤੇ ਸਾਡਾ ਭਾਰਤ ਦੇਸ਼ ਹਾਲੇ ਤੱਕ ਵੀ ਉਸ ਦਹਿਸ਼ਤਗਰਦੀ ਦਾ ਸੇਕ ਝੱਲ ਰਿਹਾ ਹੈ।

ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਉਸ ਵੇਲੇ ਤੋਂ ਲੈ ਕੇ ਹੁਣ ਤੱਕ ਵੀ ਪਾਕਿਸਤਾਨ ਵੱਲੋਂ ਉਸ ਘਟਨਾ ਦੀ ਨਿਖੇਧੀ ਕਰਨ ਦੀ ਬਜਾਏ ਉਸ ਨੂੰ ਹੱਲਾਸ਼ੇਰੀ ਹੀ ਦਿੱਤੀ ਜਾਂਦੀ ਹੈ। ਜਦੋਂ ਵੀ ਕਿਤੇ ਟੀ.ਵੀ. ਚੈਨਲਾਂ 'ਤੇ ਕਸ਼ਮੀਰ ਵਿੱਚ ਪਾਕਿ ਅੱਤਵਾਦੀਆਂ ਦੀਆਂ ਕਾਰਵਾਈਆਂ ਦੀ ਬਹਿਸ ਚੱਲਦੀ ਹੈ ਤਾਂ ਪਾਕਿਸਤਾਨ ਵਾਲੇ ਬੜੇ ਫ਼ਖਰ ਨਾਲ ਉਹਨੂੰ ਕਸ਼ਮੀਰੀ ਜ਼ਹਾਦੀ ਕਹਿ ਕੇ ਜ਼ਖਮਾਂ 'ਤੇ ਲੂਣ ਛਿੜਕਦੇ ਰਹੇ ਹਨ।..... ਹੁਣ ਜਦੋਂ ਪਾਕਿਸਤਾਨ ਵਿੱਚ ਪੇਸ਼ਾਵਰ ਵਿਖੇ ਤਾਲਿਬਾਨੀ ਅੱਤਵਾਦੀਆਂ ਨੇ ਆਰਮੀ ਸਕੂਲ ਵਿੱਚ ਅੱਤਵਾਦੀ ਹਮਲਾ ਕਰਕੇ 141 ਵਿਅਕਤੀਆਂ ਨੂੰ ਸ਼ਹੀਦ ਕਰ ਦਿੱਤਾ ਹੈ, ਜਿਨ੍ਹਾਂ ਵਿੱਚ 132 ਸਕੂਲੀ ਵਿਦਿਆਰਥੀ ਸ਼ਾਮਲ ਹਨ

ਤਾਂ ਪਾਕਿਸਤਾਨੀ ਅਵਾਮ ਨੂੰ ਦਹਿਸ਼ਤਗਰਦਾਂ ਦੀ ਅਸਲੀ ਪਰਿਭਾਸ਼ਾ ਦਾ ਗਿਆਨ ਹੋਇਆ ਹੈ। ਵੱਖ-ਵੱਖ ਟੀ.ਵੀ. ਚੈਨਲਾਂ 'ਤੇ ਸਕੂਲ ਟੀਚਰਾਂ, ਵਿਦਿਆਰਥੀਆਂ ਦੇ ਮਾਪਿਆਂ ਅਤੇ ਵਿਦਿਆਰਥੀਆਂ ਦੇ ਦਰਦ ਦਾ ਪ੍ਰਗਟਾਵਾ ਹਰ ਅੱਖ ਨੂੰ ਨਮ ਤਾਂ ਕਰਦਾ ਹੀ ਹੈ, ਨਾਲ ਹੀ ਇਹ ਸੋਚਣ ਲਈ ਮਜ਼ਬੂਰ ਵੀ ਕਰਦਾ ਹੈ ਕਿ ਆਖਰ ਕਿਉਂ ਮਨੁੱਖ ਹੀ ਵਹਿਸ਼ੀਪੁਣੇ ਵਿੱਚ ਮਨੁੱਖਤਾ ਦਾ ਘਾਣ ਕਰਦਾ ਹੈ? ਜੇ ਅੱਤਵਾਦੀ ਫੌਜ ਕੋਲੋਂ ਬਦਲਾ ਹੀ ਲੈਣਾ ਚਾਹੁੰਦੇ ਸਨ ਤਾਂ ਉਹ ਫੌਜੀਆਂ ਨਾਲ ਲੋਹਾ ਲੈ ਕੇ ਲੈਂਦੇ? .... ਉਨ੍ਹਾਂ ਦੇ ਬੱਚਿਆਂ ਦੇ ਕਤਲੇਆਮ ਵਾਲਾ ਕਾਇਰਤਾ ਭਰਪੂਰ ਕਾਰਾ ਕਰਕੇ ਉਨ੍ਹਾਂ ਨੇ ਆਪਣੀ ਬੀਮਾਰ ਮਾਨਸਿਕਤਾ ਦਾ ਹੀ ਪ੍ਰਗਟਾਵਾ ਕੀਤਾ ਹੈ।..... ਇਸ ਘਟਨਾ ਦੀ ਕਾਇਰਤਾ ਤਾਂ ਕਿਤਾਬੀ ਰੂਪ ਵਿੱਚ ਪ੍ਰਚਲਤ ਬਘਿਆੜ ਅਤੇ ਲੇਲੇ ਵਾਲੀ ਘਟਨਾ ਦੀ ਯਾਦ ਤਾਜ਼ਾ ਕਰਵਾਉਂਦੀ ਹੈ। ... ਪਰ ਉਹ ਤਾਂ ਪਸ਼ੂ ਸਨ, ਸੋਚ ਨਹੀਂ ਸਨ ਸਕਦੇ, ਮਨੁੱਖ ਤਾਂ ਬਹੁਤ ਬੁੱਧੀਮਾਨ ਹੈ ਪਰ ਇਹ ਪਸ਼ੂਆਂ ਨਾਲੋਂ ਵੀ ਨਿੱਘਰ ਗਿਆ ਹੈ।

ਦਰਅਸਲ ਇਹ ਅੱਤਵਾਦੀ ਜਾਂ ਦਹਿਸ਼ਤਗਰਦ ਮਨੁੱਖਤਾ ਦੇ ਵੱਡੇ ਦੁਸ਼ਮਣ ਹੁੰਦੇ ਹਨ। ਇਸ ਦਾ ਕੋਈ ਧਰਮ ਨਹੀਂ ਹੁੰਦਾ ਹਾਲਾਂਕਿ ਬਹੁਤੀ ਵਾਰ ਅਤੇ ਬਹੁਤੀਆਂ ਥਾਵਾਂ 'ਤੇ ਇਹ ਧਰਮ, ਮਜ਼ਹਬ ਜਾਂ ਫਿਰ ਜਾਤ ਫਿਰਕੇ ਨੂੰ ਮੋਹਰਾ ਬਣਾ ਕੇ, ਲੋਕਾਂ ਦੀਆਂ ਭਾਵਨਾਵਾਂ ਭੜਕਾਉਣ ਦੀ ਕੋਸ਼ਿਸ਼ ਕਰਦੇ ਹਨ। ਇਨ੍ਹਾਂ ਦੀਆਂ ਜਥੇਬੰਦੀਆਂ ਦੇ ਆਕਾ ਇਨ੍ਹਾਂ ਨੂੰ ਕੇਵਲ ਅਤੇ ਕੇਵਲ ਇੱਕ ਹੀ ਸਬਕ ਪੜ੍ਹਾਉਂਦੇ ਹਨ ਤੇ ਉਹ ਹੁੰਦਾ ਹੈ ਦਹਿਸ਼ਤ ਅਤੇ ਡਰ ਪੈਦਾ ਕਰਨਾ। ਇਸ ਕਾਰਵਾਈ ਵਿੱਚ ਮਰਨ ਜਾਂ ਜ਼ਖਮੀ ਹੋਣ ਵਾਲੇ ਮਨੁੱਖ ਉਨ੍ਹਾਂ ਨੂੰ ਚਿੜੀਆਂ ਕਾਵਾਂ ਤੋਂ ਵੱਧ ਕੁਝ ਵੀ ਨਜ਼ਰ ਨਹੀਂ ਆਉਂਦੇ ਅਤੇ ਨਾ ਹੀ ਮੌਤ ਦੀ ਭਿਆਨਕਤਾ ਦਾ ਉਨ੍ਹਾਂ 'ਤੇ ਕੋਈ ਅਸਰ ਹੀ ਹੁੰਦਾ ਹੈ। ਇਹ ਉਹ ਲੋਕ ਹੁੰਦੇ ਹਨ ਜਿਨ੍ਹਾਂ ਦੀ ਜ਼ਮੀਰ ਮਰ ਚੁੱਕੀ ਹੁੰਦੀ ਹੈ ਅਤੇ ਉਹ ਕੱਟੜਵਾਦ ਦੇ ਸ਼ਿਕਾਰ ਹੋ ਚੁੱਕੇ ਹੁੰਦੇ ਹਨ।...."ਮਜ਼ਬ ਨਹੀਂ ਸਿਖਾਤਾ ਆਪਸ ਮੇਂ ਬੈਰ ਰੱਖਨਾ"....। ਸਾਰੇ ਧਰਮ ਤਾਂ ਮਨੁੱਖ ਦੇ ਆਪਣੇ ਬਣਾਏ ਹੋਏ ਹਨ। ਇਨ੍ਹਾਂ ਧਰਮਾਂ, ਮਜ਼ਬਾਂ, ਜਾਤਾਂ ਤੇ ਫਿਰਕਿਆਂ ਦੇ ਅਧਾਰ 'ਤੇ ਅਕਲ ਦੇ ਅੰਨ੍ਹੇ ਅੱਤਵਾਦੀਆਂ ਨੇ ਹੁਣ ਤੱਕ ਮਨੁੱਖਤਾ ਦਾ ਜਿੰਨਾ ਲਹੂ ਡੋਲ੍ਹਿਆ ਹੈ ਓਨਾ ਤਾਂ ਮਹਾਂਭਾਰਤ ਦੇ ਯੁੱਧ ਵਿੱਚ ਵੀ ਨਹੀਂ ਡੁੱਲ੍ਹਿਆ ਹੋਣਾ? ਪਰ ਇਨ੍ਹਾਂ ਦਹਿਸ਼ਤਗਰਦਾਂ ਦੀ ਤਮ੍ਹਾਂ ਅਜੇ ਵੀ ਖਤਮ ਨਹੀਂ ਹੋਈ।

ਪਾਕਿਸਤਾਨ ਦੇ ਪੇਸ਼ਾਵਰ ਵਿੱਚ ਆਰਮੀ ਸਕੂਲ ਵਿੱਚ ਵਾਪਰੀ ਹਿਰਦੇਵੇਧਕ ਘਟਨਾ ਦੀ ਜਿੰਨੀ ਵੀ ਨਿੰਦਿਆ ਕੀਤੀ ਜਾਵੇ ਥੋੜ੍ਹੀ ਹੈ। ਦੁਨੀਆਂ ਭਰ ਦੇ ਅਹਿਮ ਲੋਕਾਂ ਅਤੇ ਦੇਸ਼ਾਂ ਨੇ ਇਸ ਜ਼ਾਲਮਾਨਾ ਕਾਰੇ ਦੀ ਘੋਰ ਨਿੰਦਿਆ ਕੀਤੀ ਹੈ। ਸਾਡੇ ਦੇਸ਼ ਦੀ ਸੰਸਦ ਦੇ ਦੋਹਾਂ ਸਦਨਾਂ ਵਿੱਚ ਇਸ ਮਨੁੱਖੀ ਘਾਣ ਦੀ ਨਿੰਦਿਆ ਕੀਤੀ ਗਈ ਹੈ ਤੇ ਦੇਸ਼ ਭਰ ਦੇ ਸਕੂਲੀ ਵਿਦਿਆਰਥੀਆਂ ਨੇ ਮੋਨ ਧਾਰ ਕੇ ਅਤੇ ਮੋਮਬੱਤੀਆਂ ਜਗ੍ਹਾ ਕੇ ਵਿਛੜੀਆਂ ਰੂਹਾਂ ਦੀ ਸ਼ਾਂਤੀ ਲਈ ਪੁਕਾਰ ਦੇ ਨਾਲ ਨਾਲ ਅੰਤਕਵਾਦ ਦਾ ਖਾਤਮੇ ਤੱਕ ਮੁਕਾਬਲਾ ਕਰਨ ਦੀ ਵਚਨਬੱਧਤਾ ਵੀ ਦੁਹਰਾਈ ਹੈ।... ਪਾਕਿਸਤਾਨੀ ਸਰਕਾਰ ਅਤੇ ਸਾਰੀਆਂ ਰਾਜਨੀਤਕ ਪਾਰਟੀਆਂ ਨੇ ਪਹਿਲੀ ਵਾਰ ਇਕ ਸਾਂਝੇ ਪਲੇਟਫਾਰਮ 'ਤੇ ਆ ਕੇ ਦਹਿਸ਼ਤਵਾਦ ਵਿਰੁੱਧ ਲਾਮਬੰਦ ਹੋਣ ਤੇ ਇਹਨੂੰ ਖਤਮ ਕਰਨ ਦਾ ਅਹਿਦ ਲਿਆ ਹੈ।.... ਦੇਰ ਆਇਦ ਦਰੁੱਸਤ ਆਇਦ!... ਪਾਕਿਸਤਾਨ ਸਰਕਾਰ ਦਾ ਇਹ ਬਹੁਤ ਦੇਰ ਬਾਅਦ ਲਿਆ ਗਿਆ ਸੁਲਝਿਆ ਹੋਇਆ ਫੈਸਲਾ ਹੈ। ਜੇ ਪਾਕਿਸਤਾਨੀ ਅਵਾਮ ਅਤੇ ਸਰਕਾਰ ਭਾਰਤ ਸਰਕਾਰ ਦੀਆਂ ਵਾਰ ਵਾਰ ਸਬੂਤਾਂ ਸਮੇਤ ਕੀਤੀਆਂ ਬੇਨਤੀਆਂ 'ਤੇ ਗੰਭੀਰਤਾ ਨਾਲ ਵਿਚਾਰ ਕਰਦੀ ਤਾਂ ਖਰ੍ਹੇ ਪਾਕਿਸਤਾਨ ਨੂੰ ਇਹ ਦਿਨ ਨਾ ਵੇਖਣੇ ਪੈਂਦੇ?



ਉਂਜ ਸਵੇਰ ਦਾ ਭੁੱਲ੍ਹਿਆ ਜੇ ਸ਼ਾਮ ਨੂੰ ਵਾਪਸ ਘਰ ਆ ਜਾਵੇ ਤਾਂ ਉਹਨੂੰ ਭੁੱਲਿਆ ਨਹੀਂ ਕਹਿੰਦੇ। ਪਾਕਿਸਤਾਨ ਵਿੱਚ ਇਹ ਸਵੇਰ ਉਪਰੰਤ ਸ਼ਾਮ ਬਹੁਤ ਦੇਰ ਬਾਅਦ ਆਈ ਹੈ। ਸਭ ਕੁਝ ਗਵਾ ਕਰ ਹੋਸ਼ ਮੇਂ ਆਏ ਤੋ ਕਿਆ ਆਏ....! ... ਖੈਰ! ਅਜੇ ਵੀ ਡੁੱਲ੍ਹਿਆਂ ਬੇਰਾਂ ਦਾ ਕੁਝ ਨਹੀਂ ਵਿਗੜਿਆ!.... ਜਿਨ੍ਹਾਂ ਘਰਾਂ ਦੇ ਲਾਡਲੇ ਚਿਰਾਗ ਦਹਿਸ਼ਤਗਰਦੀ ਦੀ ਇਸ ਦੁਰਘਟਨਾ ਦਾ ਸ਼ਿਕਾਰ ਹੋ ਗਏ ਹਨ ਉਹ ਤਾਂ ਵਾਪਸ ਨਹੀਂ ਆ ਸਕਦੇ। ਪਰ ਹੁਣ ਪਾਕਿਸਤਾਨੀ ਲੋਕਾਂ ਤੇ ਸਰਕਾਰ ਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਦਹਿਸ਼ਤਗਰਦਾਂ ਅਤੇ ਦੇਸ਼ ਭਗਤਾਂ ਵਿੱਚ ਬਹੁਤ ਫਰਕ ਹੁੰਦਾ ਹੈ।..... ਦੇਸ਼ ਭਗਤ ਛੱਬੀ ਗਿਆਰਾਂ ਜਾਂ ਅਮਰੀਕਾ ਵਿਚਾਲੇ ਨੌਂ ਗਿਆਰਾਂ ਵਰਗੇ ਕਾਇਰਤਾ ਭਰਪੂਰ ਕਾਰਨਾਮੇ ਨਹੀਂ ਕਰਦੇ।.... ਜੇ ਉਹ ਕਿਧਰੇ ਮਜ਼ਬੂਰ ਹੁੰਦੇ ਹਨ ਤਾਂ ਭਗਤ ਸਿੰਘ ਵਾਂਗ ਅਸੈਂਬਲੀ ਵਿੱਚ ਫੋਕੇ ਬੰਬ ਚਲਾ ਕੇ ਚਿਤਾਵਨੀ ਹੀ ਦਿੰਦੇ ਹਨ।.... ਪਰ ਪੇਸ਼ਾਵਰ ਵਿਚਲੀ ਦੁਰਘਟਨਾ ਨੇ ਤਾਂ ਤੇਰਾਂ ਅਪ੍ਰੈਲ 1919 ਨੂੰ ਜਲ੍ਹਿਆਂਵਾਲੇ ਬਾਗ ਵਿੱਚ ਜਨਰਲ ਡਾਇਰ ਦੁਆਰਾ ਮਚਾਏ ਘਾਣ ਦੀ ਯਾਦ ਤਾਜ਼ਾ ਕਰਵਾ ਦਿੱਤੀ ਹੈ। ਜਲ੍ਹਿਆਂਵਾਲੇ ਬਾਗ ਵਿੱਚ ਲੱਗੇ ਗੋਲੀਆਂ ਦੇ ਨਿਸ਼ਾਨ ਵਾਂਗ ਪੇਸ਼ਾਵਰ ਦੇ ਸਕੂਲ ਦੀਆਂ ਕੰਧਾਂ ਵਿੱਚ ਨਿਸ਼ਾਨ ਟੀ.ਵੀ. ਚੈਨਲਾਂ ਨੇ ਦਿਖਾਏ ਹਨ।.... ਫਰਕ ਕੇਵਲ ਏਨਾ ਹੈ ਕਿ ਉਦੋਂ ਗੋਲੀਆਂ ਪੁਲਿਸ ਨੇ ਨਿਹੱਥੇ ਲੋਕਾਂ 'ਤੇ ਵਰ੍ਹਾਈਆਂ ਸਨ ਜੋ ਇਕ ਸ਼ਾਂਤਮਈ ਜਲਸੇ ਵਿੱਚ ਹਾਜ਼ਰ ਸਨ ਤੇ ਪੇਸ਼ਾਵਰ ਵਿੱਚ ਮਾਸੂਮ ਵਿਦਿਆਰਥੀਆਂ ਆਪਣੇ ਇਮਤਿਹਾਨਾਂ ਵਿੱਚ ਰੁੱਝੇ ਹੋਏ ਸਨ ਜੋ ਪੇਸ਼ੇਵਾਰ ਅੱਤਵਾਦੀਆਂ ਦਾ ਸ਼ਿਕਾਰ ਹੋ ਗਏ।

ਅੱਤਵਾਦ ਦਾ ਨਾਂ ਤਾਂ ਕੀ ਪਰਛਾਵਾਂ ਵੀ ਬਹੁਤ ਮਾੜਾ ਹੁੰਦਾ ਹੈ।.... ਕਹਿੰਦੇ ਹਨ ਕੇ ਜੇ ਕਿਧਰੇ ਬਿੱਲੀ ਦੇ ਘਰ ਨੂੰ ਅੱਗ-ਲੱਗ ਜਾਵੇ, ਉਹਦੇ ਪੈਰਾਂ ਨੂੰ ਸੜਨ ਦਾ ਖਤਰਾ ਬਣ ਜਾਵੇ ਤਾਂ ਫਿਰ ਉਹ ਆਪਣੇ ਬਲੂੰਗੜੇ ਵੀ ਪੈਰਾਂ ਥੱਲੇ ਲੈਣ ਤੋਂ ਗੁਰੇਜ਼ ਨਹੀਂ ਕਰਦੀ। ਠੀਕ ਉਸੇ ਤਰਜ਼ 'ਤੇ ਹੀ ਅੱਤਵਾਦੀ ਵੀ ਵਿਚਰਦੇ ਹਨ।.... ਹੁਣ ਤੱਕ ਦਾ ਵਿਸ਼ਵ ਦਾ ਖੂੰਖਾਰ ਅੱਤਵਾਦੀ ਓਸਾਮਾ ਬਿਨ ਲਾਦੇਨ ਸੀ। ਪਾਕਿਸਤਾਨ ਦੇ ਜ਼ਰੀਏ ਉਹਨੂੰ ਪੈਦਾ ਕਰਨ ਵਿੱਚ ਅਮਰੀਕਾ ਦਾ ਵੀ ਮਹੱਤਵਪੂਰਨ ਰੋਲ ਰਿਹਾ ਹੈ। ਉਸੇ ਲਾਦੇਨ ਨੇ ਅਮਰੀਕਾ ਵਿੱਚ ਭਿਆਨਕ ਅੱਤਵਾਦੀ ਘਟਨਾ ਨੂੰ ਅੰਜ਼ਾਮ ਦਿੱਤਾ.... ਫਿਰ ਹੀ ਅਮਰੀਕਾ ਨੂੰ ਵੀ ਅੱਤਵਾਦ ਦੇ ਅਸਲ ਮਾਅਨੇ ਸਮਝ ਆਏ।.... ਜਦੋਂ ਤੱਕ ਤੀਰ ਕਮਾਨ ਦੇ ਵਿੱਚ ਹੁੰਦਾ ਹੈ ਚਲਾਉਣ ਵਾਲੇ ਦੇ ਕੰਟਰੋਲ ਵਿੱਚ ਹੁੰਦਾ ਹੈ। ਪਰ ਨਾ ਹੀ ਕਮਾਨ'ਚੋਂ ਛੁੱਟਿਆ ਤੀਰ ਅਤੇ ਨਾ ਹੀ ਮੂੰਹੋਂ ਕੱਢਿਆ ਬੋਲ ਮੁੜ ਪਹਿਲੀ ਹਾਲਤ ਵਿੱਚ ਜਾ ਸਕਦਾ ਹੈ। ਤਾਲਿਬਾਨ ਨਾਂ ਦਾ ਤੀਰ ਵੀ ਪਾਕਿਸਤਾਨ ਦੇ ਹੀ ਭੱਥੇ 'ਚੋਂ ਨਿਕਲਿਆ ਸੀ। ਚਾਹੇ ਉਨ੍ਹਾਂ ਨੇ ਇਹ ਕੰਮ ਅਫਗਾਨਿਸਤਾਨ ਜਾਂ ਭਾਰਤ ਵਰਗੇ ਗੁਆਂਢੀ ਦੇਸ਼ ਦੀ ਸ਼ਾਂਤੀ ਭੰਗ ਕਰਨ ਲਈ ਹੀ ਚੁੱਕਿਆ ਸੀ ਪਰ ਅੱਤਵਾਦੀ ਤਾਂ ਅੱਤਵਾਦੀ ਹੁੰਦਾ ਹੈ ਉਹਨੂੰ ਖ਼ੂਨ ਖਰਾਬੇ ਵਿੱਚ ਹੀ ਮਜ਼ਾ ਆਉਂਦਾ ਹੈ। ਸੋਚਣ ਸਮਝਣ ਪੱਖੋਂ ਉਹ ਕੋਰਾ ਹੁੰਦਾ ਹੈ ਮਰੀ ਹੋਈ ਜ਼ਮੀਰ ਵਾਲਾ।

ਭਾਰਤ ਸਰਕਾਰ ਸਮੇਂ-ਸਮੇਂ 'ਤੇ ਸਬੂਤਾਂ ਸਮੇਤ ਦੁਹਾਈ ਦਿੰਦੀ ਰਹੀ ਹੈ ਕਿ ਅੱਤਵਾਦੀ ਕਾਰਵਾਈਆਂ ਪਾਕਿਸਤਾਨ ਦੀ ਸ਼ਹਿ ਨਾਲ ਹੁੰਦੀਆਂ ਹਨ ਪਰ ਉਹ ਪੈਰਾਂ 'ਤੇ ਪਾਣੀ ਹੀ ਨਹੀਂ ਸਨ ਪੈਣ ਦਿੰਦੇ।.... ਪੇਸ਼ਾਵਰ ਵਾਲੀ ਭਿਆਨਕ ਘਟਨਾ ਨਾਲ ਪਾਕਿ ਸਰਕਾਰ ਅਤੇ ਲੋਕ ਇੰਜ ਲੱਗਦਾ ਹੈ ਜਿਵੇਂ ਅੱਭੜਵਾਹੇ ਉੱਠੇ ਹੋਣ.... ਤੇ ਹੁਣ ਉਹ ਅੱਤਵਾਦ ਨੂੰ ਖਤਮ ਕਰਨ ਦੀਆਂ ਗੱਲਾਂ ਕਰਦੇ ਨਜ਼ਰ ਆ ਰਹੇ ਹਨ।... ਪਰ ਅਜੇ ਵੀ ਤੌਖਲਾ ਬਰਕਰਾਰ ਹੈ। ਬੜੇ ਭਿਆਨਕ

ਅੱਤਵਾਦੀ ਜਿਨ੍ਹਾਂ ਵਿੱਚ ਹਾਫਿਜ਼ ਸਈਅਦ, ਦਾਊਦ ਇਬਰਾਹੀਮ, ਅਜਹਰ ਮਸੂਦ ਪਾਕਿ ਸਰਕਾਰ ਦੀ ਸਰਪ੍ਰਸਤੀ ਵਿੱਚ ਹਨ। ਜੇ ਪਾਕਿ ਸਰਕਾਰ ਵਾਕਿਆ ਹੀ ਤਨੋ ਮਨੋ ਅੱਤਵਾਦ ਵਿਰੁੱਧ ਸੁਹਿਰਦ ਹੈ ਤਾਂ ਪਹਿਲਾਂ ਇਨ੍ਹਾਂ ਕੱਟੜ ਅੱਤਵਾਦੀਆਂ ਨੂੰ ਸਖਤ ਸਜ਼ਾ ਦੇਵੇ ਫਿਰ ਹੀ ਕੋਈ ਯਕੀਨ ਕੀਤਾ ਜਾ ਸਕਦਾ ਹੈ।... ਹਾਲੇ ਥੋੜ੍ਹੇ ਹੀ ਦਿਨ ਪਹਿਲਾਂ ਪਾਕਿ ਦੇ ਸਵਾਤੀ ਘਾਟੀ ਖੇਤਰ ਦੀ ਰਹਿਣ ਵਾਲੀ ਬਹਾਦਰ ਲੜਕੀ ਮਲਾਲਾ ਨੂੰ ਨੋਬਲ ਪ੍ਰਾਈਜ਼ ਮਿਲਿਆ ਹੈ। ਤਾਲਿਬਾਨ ਅੱਤਵਾਦੀਆਂ ਕੋਲੋਂ ਖਰ੍ਹੇ ਇਹ ਸਨਮਾਨ ਬਰਦਾਸ਼ਤ ਨਹੀਂ ਹੋਇਆ ਏਸੇ ਲਈ ਉਨ੍ਹਾਂ ਨੇ ਸਕੂਲ ਪੜ੍ਹਦੇ ਮਾਸੂਮ ਬੱਚਿਆਂ ਨੂੰ ਆਪਣਾ ਸ਼ਿਕਾਰ ਬਣਾਇਆ ਹੈ। ਇਹ ਅਤਿਅੰਤ ਨਿੰਦਣਯੋਗ ਘਟਨਾ ਹੈ ਪ੍ਰਮਾਤਮਾ ਇਨ੍ਹਾਂ ਅੱਤਵਾਦੀਆਂ ਨੂੰ ਸੁਮੱਤ ਬਖਸ਼ੇ ਅਤੇ ਪਾਕਿਸਤਾਨ ਨੂੰ ਚੰਗਾ ਮਾੜਾ ਸੋਚਣ ਤੇ ਸਮਝਣ ਦੀ ਬੁੱਧੀ ਦੇਵੇ। ਆਮੀਨ!

ਮੋਬਾ: 93163-11677

***

# ਮਿੰਨੀ ਕਹਾਣੀ : ਇੱਕ ਸਿਧਾਂਤਕ ਚਰਚਾ

ਅੱਜ ਦੇ ਤੇਜ਼ ਰਫਤਾਰ ਯੁੱਗ ਵਿੱਚ 'ਇੱਕ ਪਲ ਬਹਿ ਜਾਣਾ ਮੇਰੇ ਕੋਲ' ਅਤੇ ਕੋਲ ਬਹਿ ਕੇ ਗੱਲਾਂ ਕਰਨੀਆਂ ਤੇ ਸੁਣਨੀਆਂ ਆਦਿ ਦੇ ਵਕਤ ਅਤੀਤ ਦੀ ਕੁੱਖ ਵਿੱਚ ਜਾ ਸਿਮਟੇ ਹਨ। ਅੱਜ ਲੋਕ ਪ੍ਰਵਾਨਿਤ ਸੰਦਰਭਗਤ, ਸ਼ਬਦਾਂ ਨੂੰ ਕਲਾਤਮਿਕਤਾ ਪ੍ਰਦਾਨ ਕਰਕੇ ਪਾਠਕਾਂ ਨੂੰ ਸਾਹਿਤ ਨਾਲ ਚੇਟਕ ਲਾਉਣ ਦੀ ਵੰਗਾਰ ਬੜੀ ਸ਼ਿੱਦਤ ਨਾਲ ਉੱਭਰ ਰਹੀ ਹੈ ਤੇ ਇਹ ਵੰਗਾਰ ਗਲਪ ਦੇ ਖੇਤਰ ਵਿਚ ਮਿੰਨੀ ਕਹਾਣੀ ਦੀ ਸੁਹਿਰਦ ਪੇਸ਼ਕਾਰੀ ਹੀ ਨਿਭਾ ਸਕਦੀ ਹੈ ਤੇ ਨਿਭਾ ਵੀ ਰਹੀ ਹੈ। ਰੁਝੇਵਿਆਂ ਭਰਪੂਰ ਜ਼ਿੰਦਗੀ ਕੋਲ ਵੱਡ-ਆਕਾਰੀ ਰੁਪਾਕਾਰਕ ਵਸਤੂ ਵਾਲੇ ਸਾਹਿਤਕ ਸਰਕਾਰ ਨੂੰ ਸਮਝਣ, ਅਧਿਐਨ ਕਰਨ ਅਤੇ ਪੜਚੋਲਣ ਦੀ ਵਿਹਲ ਹੀ ਕਿੱਥੇ।

ਜਿੱਥੋਂ ਤੱਕ ਗਲਪ ਦੇ ਇਸ ਲਘੂਤਮ ਰੂਪ ਦਾ ਸੰਬੰਧ ਹੈ, ਇਹ ਵੀ ਹੋਰਨਾਂ ਰੂਪਾਂ ਦੀ ਤਰ੍ਹਾਂ ਜੀਵਨ ਵਿੱਚ ਹੋਏ ਪਰਿਵਰਤਨ ਮਸਲਨ ਤੇਜ਼ ਜ਼ਿੰਦਗੀ, ਮਾਸਰੂਫ਼ੀਅਤ ਦੀ ਪ੍ਰਤੀਕ੍ਰਿਆ ਵਜੋਂ ਉਪਜੀ ਖੰਡਤ ਮਾਨਸਿਕਤਾ (ਕੁਝ ਵਿਦਵਾਨ ਇਸ ਨੂੰ ਕਈ ਹਿੱਸਿਆਂ ਵਿੱਚ ਵੱਡੀ ਮਾਨਸਿਕਤਾ ਵੀ ਆਖਦੇ ਹਨ) ਸਮੁੱਚ ਦੀ ਥਾਂ ਕਈ ਇੱਕ ਅਨੁਭਵੀ ਛਿਣਾਂ ਦੇ ਰੂ-ਬ-ਰੂ ਹੋਣ ਲੱਗੀ। ਅਜਿਹੀ ਪ੍ਰਕ੍ਰਿਆ ਦੇ ਬਹੁਪਰਤੀ ਵੇਰਵਿਆਂ ਕਾਰਨ ਮਨੁੱਖੀ ਮਾਨਸਿਕਤਾ ਦਾ ਰੁਝਾਣ ਇਸ ਕਦਰ ਹੋ ਗਿਆ ਕਿ ਉਹ ਜ਼ਿੰਦਗੀ ਦੇ ਇਕਹਿਰੇ ਅਨੁਭਵੀਂ ਛਿਣਾਂ (ਇੱਕੋ ਛਿਣ) ਅਤੇ ਗਿਣਵੇਂ ਤੋਲਵੇਂ ਸ਼ਬਦਾਂ ਵਿੱਚੋਂ (ਉਹ ਸ਼ਬਦ ਜਿਨ੍ਹਾਂ ਦੇ ਕੋਈ ਸੰਦਰਭ ਹੋਣ ਤੇ ਉਹ ਸੰਦਰਭ ਪਾਠਕ-ਮਾਨਸਿਕਤਾ ਪਹਿਲਾਂ ਹੀ ਜਾਣੂ ਹੋਵੇ) ਜ਼ਿੰਦਗੀ ਦੇ ਵਡੇਰੇ ਸੱਚ ਦੇ ਦਰਸ਼ਨ ਕਰਨ ਦੀ ਆਦੀ ਜਿਹੀ ਬਣ ਕੇ ਰਹਿ ਗਈ। ਕਹਿਣ ਦਾ ਭਾਵ ਹੈ ਕਿ ਅੱਜ ਦੀਆਂ ਬਦਲਦੀਆਂ ਪ੍ਰਸਥਿਤੀਆਂ ਵਿੱਚ ਆਪਣੀ ਹੋਂਦ ਦਾ ਵਿਸ਼ਲੇਸ਼ਣ ਕਰੀ ਮਨੁੱਖੀ ਜ਼ਿੰਦਗੀ ਨੂੰ ਇੱਕ ਅਜਿਹਾ ਪਰਮ-ਛਿਣ ਟਕਰਾਉਂਦਾ ਹੈ ਜੋ ਟੁਕੜਿਆਂ ਵਿੱਚ ਖਿਲਰ ਕੇ ਕਈ ਲਘੂ ਛਿਣਾਂ ਦੇ ਰੂਪ ਵਿੱਚ ਵਟ ਜਾਂਦਾ ਹੈ। ਇਨ੍ਹਾਂ ਅਨੁਭਵੀ ਛਿਣਾਂ ਦੀ ਕਲਾਤਮਿਕ ਅਭਿਵਿਅਕਤੀ ਦਾ ਨਾਂਅ ਹੈ ਮਿੰਨੀ ਕਹਾਣੀ! ਜਨਾਬ ਮਹਿਤਾਬ-ਉਦ-ਦੀਨ ਆਪਣੇ ਸ਼ੋਧ-ਪ੍ਰਬੰਧ ਵਿੱਚ 'ਪੰਜਾਬੀ ਮਿੰਨੀ' ਕਹਾਣੀ ਪ੍ਰਾਪਤੀਆਂ ਅਤੇ ਸੰਭਾਵਨਵਾਂ ਦੇ ਪੰਨਾ 10,16 ਉੱਪਰ ਮਿੰਨੀ ਕਹਾਣੀ ਬਾਬਤ ਲਿਖਦਾ ਹੈ-"ਅਜੋਕੇ ਪੂੰਜੀਵਾਦ



ਯੁੱਗ ਦਾ ਮਨੁੱਖ ਟੁਕੜੀਆਂ ਵਿੱਚ ਆਪਣਾ ਜੀਵਨ ਬਤੀਤ ਕਰਦਾ ਹੋਇਆ ਟਾਈਮ ਟੇਬਲ ਮੁਤਾਬਿਕ ਹੀ ਆਪਣਾ ਕਾਰਜ ਕਰਦਾ ਹੈ... ਇਸੇ ਲਈ ਅਜੋਕੇ ਮਨੁੱਖ ਦਾ ਅਨੁਭਵ ਵੀ ਟੁਕੜੀਆਂ ਵਿਚ ਵਿਕਸਿਤ ਹੁੰਦਾ ਹੈ। ਇਸ ਟੁਕੜੀ ਅਨੁਭਵ ਦੀ ਰਮਜ਼ ਨੂੰ ਸਾਹਿੱਤ ਵਿੱਚ ਮਿੰਨੀਂ ਕਹਾਣੀ ਵਰਗੀ ਸਿਨਫ਼ ਨਾਲ ਹੀ ਸਫਲਤਾ ਸਹਿਤ ਪਛਾਣਿਆ ਜਾ ਸਕਦਾ ਹੈ।... ਰਮਜ਼ ਅਜਿਹੀ ਜਿਸ ਵਿੱਚ ਇਨਸਾਨੀ ਜ਼ਿੰਦਗੀ ਦੇ ਕਿਸੇ ਇਕ ਪਹਿਲੂ ਦੇ ਕਿਸੇ ਇੱਕ ਛਿਣ ਨੂੰ, ਕਲਾਤਮਤਾ ਨਾਲ ਪੇਸ਼ ਕੀਤਾ ਗਿਆ ਹੋਵੇ, ਜਿਸ ਵਿੱਚ ਸਾਧਾਰਣ ਤੋਂ ਸਾਧਾਰਣ ਘਟਨਾ ਦੀ ਅਲੱਗ ਅਹਿਮੀਅਤ ਨਜ਼ਰ ਆਉਣ ਲੱਗ ਜਾਵੇ।"

ਸੋ ਮਿੰਨੀ ਕਹਾਣੀ ਵਿਧਾ ਉਪਰੋਕਤ ਵਰਗੀਆਂ ਅਨੁਭਵੀ ਰਮਜ਼ਾਂ ਨੂੰ-ਜ਼ੁਬਾਨ ਦੇਣ ਲਈ ਕਾਰਗਰ ਸਾਬਤ ਹੋਈ ਹੈ ਕਿਉਂਕਿ ਪੂੰਜੀਵਾਦੀ ਯੁੱਗ ਕਾਰਨ ਸਮਾਜਿਕ ਜੀਵਨ ਵਿਚ ਹੋਏ ਪਰਿਵਰਤਨਾਂ ਵਜੋਂ ਅਜਿਹੀ ਲਘੂ ਆਕਾਰ ਵਾਲੀ ਵਿਧਾ ਹੀ ਅਜਿਹੀਆਂ ਸ਼ਰਤਾਂ ਨੂੰ ਪੂਰਿਆਂ ਕਰ ਸਕਦੀ ਹੈ। ਸਿਰਫ਼ ਸੁਚੇਤ ਰਹਿਣ ਦੀ ਇਸ ਪੱਖੋਂ ਲੋੜ ਹੈ ਕਿ ਇਸ ਰਮਜ਼ ਨਾਂਅ ਦੀ ਆੜ ਹੇਠ ਪਸ਼ੂ-ਪੰਛੀਆਂ, ਮਿਥਕ ਕਥਾਵੀ ਘਟਨਾਵਾਂ ਜਾਂ ਮਿਥਕ ਪਾਤਰਾਂ ਨੂੰ ਬਿੰਬ, ਪ੍ਰਤੀਕ ਵਜੋਂ ਚੁਣਨ ਲੱਗਿਆਂ ਉਲਟਾ ਇਹ ਅਰਥ-ਸੰਚਾਰ ਲਈ ਰੁਕਾਵਟ ਨਾ ਬਣ ਜਾਣ ਜਾਂ ਮਿੰਨੀ ਕਹਾਣੀ ਜ਼ਿੰਦਗੀ ਦੇ ਕਿਸੇ ਅਨੁਭਵੀ ਟੋਟੇ ਦਾ ਵਿਸ਼ਲੇਸ਼ਣ ਕਰਦਿਆਂ ਕਿਤੇ ਮਹਿਜ਼ ਚੁਟਕਲਾ, ਟੋਟਕਾ ਜਾਂ ਬਾਲ-ਕਥਾ ਦਾ ਹੀ ਇੱਕ ਵਿਸਤਾਰਤ ਰੂਪ ਨਾ ਹੋ ਜਾਵੇ। ਜਿੱਥੇ ਮਿੰਨੀ ਕਹਾਣੀ ਅਰਥ ਭਰਪੂਰ ਸ਼ਬਦਾਵਲੀ ਅਤੇ ਭਾਵਪੂਰਤ ਵਾਰਤਾਲਾਪ ਅਪਨਾਉਂਦੀ ਹੈ ਉਥੇ ਚੁਟਕਲੇ ਵਿਚ ਕਈ ਵਾਰੀ ਐਬਸਰਡ ਸ਼ੈਲੀ ਦਾ ਆ ਜਾਣਾ ਸੁਭਾਵਿਕ ਹੀ ਹੈ। ਕਿਸੇ ਕਿਸੇ ਥਾਂ 'ਤੇ ਤਾਂ ਚੁਟਕਲਾ ਇੱਕ ਚੁਸਤ ਵਾਰਤਾਲਾਪ ਬਣ ਕੇ ਰਹਿ ਜਾਂਦਾ ਹੈ। ਉਸ ਵਿਚ ਮਿੰਨੀ ਕਹਾਣੀ ਵਰਗੀ ਸਾਰਥਕ ਵਾਰਾਤਾਲਾਪ ਨਹੀਂ ਹੁੰਦੀ। ਡਾ. ਵਣਜਾਰਾ ਬੇਦੀ ਚੁਟਕਲੇ ਦੀ ਇਕ ਮਿਸਾਲ ਦਿੰਦੇ ਹਨ ਜਿਸ ਵਿੱਚ ਸਿਰਫ਼ ਹਾਸਾ ਹੀ ਉਪਜਦਾ ਹੈ ਜ਼ਿੰਦਗੀ ਦੀ ਸਾਰਥਕਤਾ ਦੇ ਦਰਸ਼ਨ ਨਹੀਂ ਹੁੰਦੇ -

1. "ਡਾਕਟਰ-ਤੁਹਾਡੇ ਸੱਜੇ ਪੈਰ ਵਿੱਚ ਦਰਦ ਬੁਢੇਪੇ ਕਰਕੇ ਹੈ।"

"ਰੋਗੀ - ਇਹ ਤਾਂ ਹੋਰ ਵੀ ਹੈਰਾਨੀ ਦੀ ਗੱਲ ਹੈ, ਖੱਬੇ ਵਿੱਚ ਵੀ ਹੋਣਾ ਚਾਹੀਦਾ ਹੈ, ਦੋਹਾਂ ਪੈਰਾਂ ਦੀ ਉਮਰ ਬਰਾਬਰ ਦੀ ਹੈ।"

ਕਦੇ ਕਦੇ ਚੁਟਕਲਾ ਕਿਸੇ ਰਹੱਸ ਦਾ ਉਦਘਾਟਨ ਵੀ ਕਰਦਾ ਹੈ-

2. ਪਤੀ-"ਪਿਛਲੀ ਵਾਰ ਅਸੀਂ ਦਿੱਲੀ ਕਿਸ ਹੋਟਲ ਵਿੱਚ ਠਹਿਰੇ ਸਾਂ?"

ਪਤਨੀ-"ਠਹਿਰੋ, ਹੁਣੇ ਚਮਚੇ ਉੱਪਰ ਉਕਰਿਆ ਨਾਂ ਪੜ੍ਹ ਕੇ ਦਸਦੀ ਹਾਂ।"

"ਵੈਸੇ ਚੁਟਕਲਾ ਕਹਾਣੀ ਨਾਲੋਂ ਭਿੰਨ ਜ਼ਰੂਰ ਹੈ ਕਿਉਂ ਜੋ ਇਹ ਸਮੇਂ ਸਥਾਨ ਵਿਚ ਫੈਲਦਾ ਨਹੀਂ। ਇਸ ਦੀ ਗਤੀ ਇਕ ਕਾਲ ਬਿੰਦੂ ਤੋਂ ਦੂਜੇ ਕਾਲ ਬਿੰਦੂ ਤੱਕ ਜਾਂ ਇਕ ਸਥਾਨ ਤੋਂ ਦੂਜੇ ਸਥਾਨ ਤੱਕ ਪੱਸਰੀ ਨਹੀਂ ਹੁੰਦੀ।"

(ਡ. ਸ.ਸ. ਵਣਜਾਰਾ ਬੇਦੀ, ਮਧਕਾਲੀਨ ਪੰਜਾਬੀ ਕਥਾ-ਪੰਨਾ 121)

ਸੋ ਕਾਲ-ਬਿੰਦੂ ਤੋਂ ਕਾਲ-ਬਿੰਦੂ ਤੱਕ ਸੁੰਗੜ ਕੇ ਰਹਿ ਜਾਣਾ, ਇੱਕ ਸਥਾਨ ਦਾ ਇਕੋ ਸਥਾਨ 'ਤੇ ਹੀ ਪਸਰੇ ਰਹਿਣਾ ਆਦਿ ਅਜਿਹੇ ਚੁਟਕਲੇ ਦੇ ਵਿਧਾਨਕ ਨਿਯਮ ਹਨ ਜੋ ਮਿੰਨੀ ਕਹਾਣੀ ਵਿਚ ਨਹੀਂ ਹੁੰਦੇ। ਇਸ ਦੇ ਵਿਪਰੀਤ ਮਿੰਨੀ ਕਹਾਣੀ ਇੱਕ ਗਤੀਸ਼ੀਲ ਪ੍ਰਵਾਹ ਹੈ ਜਿਸ ਵਿੱਚ ਅਸੀਂ ਜ਼ਿੰਦਗੀ ਦਾ ਯਥਾਰਥ ਤਰਦਾ ਦੇਖ ਸਕਦੇ ਹਾਂ। ਜਿਵੇਂ ਕਿ ਸਾਨੂੰ ਪਤਾ ਹੀ ਹੈ ਕਿ ਚੁਟਕਲਾ 'ਚੁਟਕੀ' ਤੋਂ ਬਣਿਆ ਜਾਪਦਾ ਹੈ ਅਰਥਾਤ ਚੁਟਕੀ ਭਰ ਜਾਂ ਚੂੰਢੀ ਕੁ। ਜਿਵੇਂ ਚੁਟਕੀ

ਜਾਂ ਚੂੰਢੀ ਮਾਰ ਕੇ ਕਿਸੇ ਦੇ ਖੰਡਿਤ ਧਿਆਨ ਨੂੰ ਕਿਸੇ ਇਕ ਨੁਕਤੇ 'ਤੇ ਇਕਾਗਰ ਕੀਤਾ ਜਾਂਦਾ ਹੈ ਠੀਕ ਉਸੇ ਪ੍ਰਕਾਰ ਚੁਟਕੀ ਭਰ ਭਾਵ ਬਿਲਕੁਲ ਥੋੜੇ ਜਿਹੇ ਸ਼ਬਦਾਂ ਨਾਲ ਕਿਸੇ ਦੇ ਮਨ ਜਾਂ ਬੁੱਧੀ ਨੂੰ ਝਟਕਾ ਦਿੱਤਾ ਜਾਂਦਾ ਹੈ। ਇਸੇ ਪ੍ਰਕਾਰ ਮਿੰਨੀ ਕਹਾਣੀ ਵਿੱਚ ਵੀ ਹੁੰਦਾ ਤਾਂ ਅਜਿਹਾ ਹੀ ਹੈ ਪਰ ਮਿੰਨੀ ਕਹਾਣੀ ਵਿੱਚ ਵੱਜੀ ਚੁਟਕੀ ਭਾਵ ਵਿਅੰਗ ਤੇ ਜਾਂ ਰਚਿਆ ਸੰਵਾਦ ਪਾਠਕ ਦੀ ਸ਼ਾਂਤ ਮਾਨਸਿਕਤਾ ਨੂੰ ਇੰਨਾ ਬੇਚੈਨ ਕਰ ਜਾਂਦਾ ਹੈ ਕਿ ਉਹ ਕੁਝ ਸੋਚਣ ਲਈ ਮਜ਼ਬੂਰ ਹੋ ਜਾਂਦਾ ਹੈ।

ਕਈ ਵਿਦਵਾਨ ਮਿੰਨੀ ਕਹਾਣੀ ਨੂੰ ਬੁਝਾਵਲ ਕਥਾ (Riddle tale) ਦਾ ਹੀ ਸੁਧਰਿਆ ਹੋਇਆ ਰੂਪ ਮੰਨਦੇ ਹਨ। ਬੁਝਾਵਲ ਕਥਾ ਵਿਚ ਬੁਝਾਰਤ ਜਾਂ ਅੜਾਉਣੀ ਦੇ ਤੱਤ ਪਾਏ ਜਾਂਦੇ ਹਨ। ਚੇਤੇ ਰਹੇ ਕਿ ਬੁਝਾਵਲ ਕਥਾ ਓਨੀ ਰੌਚਕਤਾ ਭਰਪੂਰ ਨਹੀਂ ਹੁੰਦੀ ਜਿੰਨਾ ਚੁਟਕਲਾ। ਇਸ ਵਿੱਚ ਤਾਂ ਗੰਢ/ਗੁੰਝਲ ਦੇ ਖੁੱਲ੍ਹਣ ਤੱਕ ਉਤਸੁਕਤਾ ਹੀ ਬਣੀ ਰਹਿੰਦੀ ਹੈ ਤੇ ਅੰਤ ਵਿੱਚ ਖੱਲ੍ਹਿਆ ਰਹੱਸ ਜਾਂ ਸਮੱਸਿਆ ਦਾ ਸਮਾਧਾਨ ਹੀ ਰੌਚਕਤਾ ਭਰਪੂਰ ਹੁੰਦਾ ਹੈ। ਡਾ. ਕਰਨੈਲ ਸਿੰਘ ਥਿੰਦ ਅਨੁਸਾਰ – 'ਅਲਫ ਲੈਲਾ (ਇਕ ਹਜ਼ਾਰ ਰਾਤਾਂ) ਅਤੇ ਸਿੰਘਾਸਨ ਬਤੀਸੀ ਆਦਿ ਸੰਗ੍ਰਹਿਾਂ ਵਿੱਚ ਵੀ ਵਧੇਰੇ ਕਥਾਵਾਂ ਇਸੇ ਪ੍ਰਕਾਰ ਦੀਆਂ ਹਨ।" (ਲੋਕਯਾਨ ਅਤੇ ਮੱਧਕਾਲੀਨ ਪੰਜਾਬੀ ਸਾਹਿਤ– ਪੰਨਾ–100) ਚੁਟਕਲੇ ਅਤੇ ਬੁਝਾਵਲ ਕਥਾ ਤੋਂ ਇਲਾਵਾ ਟੋਟਕੇ ਜਾਂ ਹਿਕਾਇਤਾਂ (Anecdotes) ਵੀ ਮਿੰਨੀ ਕਹਾਣੀ ਦਾ ਭਰਮ ਪਾਲਦੀਆਂ ਹਨ ਕਿਉਂਕਿ ਇਨ੍ਹਾਂ ਵਿੱਚ ਵੀ ਘਟਨਾ ਇਕਹਿਰੀ ਅਤੇ ਸੰਖਿਪਤ ਹੀ ਹੁੰਦੀ ਹੈ। Anecdotes are short pithy funny stories easily remembered and quickly told- (Standard dictionary of Folk-lore, Vol. I,P. 46) ਪਰ ਇਹ ਟੋਟਕੇ ਜਾਂ ਹਿਕਾਇਤਾਂ ਮਨੋਰੰਜਨ ਤੱਕ ਹੀ ਸੀਮਤ ਹੁੰਦੇ ਹਨ ਤੇ ਜਾਂ ਕੋਈ ਨੈਕਿਤਕਤਾ ਦੀ ਗੱਲ ਕਰਦੇ ਹਨ। ਜ਼ਿੰਦਗੀ ਦਾ ਭਖਦਾ ਮਸਲਾ ਇਨ੍ਹਾਂ ਵਿਚ ਨਹੀਂ ਹੁੰਦਾ।

ਅਸੀਂ ਇਹ ਨਹੀਂ ਕਹਿੰਦੇ ਕਿ ਅਜਿਹੇ ਪ੍ਰਤੀਕਾਂ, ਬਿੰਬਾਂ ਦੀ ਮਿੰਨੀ ਕਹਾਣੀ ਵਿਚ ਮਨਾਹੀ ਹੋਵੇ। ਮਿਥਕ ਪਾਤਰ, ਮਿਥਕ ਕਥਾਵੀ ਘਟਨਾਵਾਂ ਜਾਂ ਪਸ਼ੂ ਪੰਛੀਆਂ ਨੂੰ ਪ੍ਰਤੀਕ ਦੇ ਤੌਰ 'ਤੇ ਇਸ ਕਦਰ ਪ੍ਰਯੋਗ ਕੀਤਾ ਗਿਆ ਹੋਵੇ ਕਿ ਪਾਠਕ ਮਾਨਸਕਿਤਾ ਦਾ ਹੁੰਗਾਰਾ ਹਾਂ ਪੱਖੀ ਹੀ ਮਿਲੇ। ਉਹ ਇਨ੍ਹਾਂ ਪ੍ਰਤੀਕਾਂ ਵਿੱਚੋਂ ਅਜੋਕੇ ਮਨੁੱਖ ਜਾਂ ਸਮਾਜ ਦਾ ਯਥਾਰਥ ਕਾਰਜਸ਼ੀਲ ਹੁੰਦਾ ਦੇਖੇ। ਅੱਗੋਂ ਫਿਰ ਧਿਆਨ ਦੇਣ ਯੋਗ ਗੱਲ ਇਹ ਹੈ ਕਿ ਇਹ ਮਿੱਥਾਂ ਜਾਂ ਅਜਿਹੇ ਸੰਕਲਪਾਂ ਦੇ ਪ੍ਰਤੀਕ ਸਾਡੇ ਲੋਕ ਧਾਰਾਈ ਆਧਾਰਾਂ ਅਤੇ ਆਧੁਨਿਕ ਸੰਵੇਦਨਾ ਦੇ ਸੁਮੇਲ ਵਿੱਚ ਆਉਣ ਤਾਂ ਮਿੰਨੀ ਕਹਾਣੀ ਦੀ ਸਫਲਤਾ ਤੋਂ ਕੋਈ ਵੀ ਇਨਕਾਰੀ ਨਹੀਂ ਹੋ ਸਕਦਾ।' ਇਸ ਮੰਤਵ ਲਈ ਮਿੰਨੀ ਕਹਾਣੀ ਦੇ ਲੇਖਕਾਂ ਨੂੰ ਸੰਤ ਸਿੰਘ ਸੇਖੋਂ ਦਾ ਨਾਟਕ 'ਕਲਾਕਾਰ', ਚਰਨ ਦਾਸ ਸਿੱਧੂ ਦਾ 'ਬਾਬਾ ਬੰਤੂ', ਅਜਮੇਰ ਸਿੰਘ ਔਲਖ ਦਾ 'ਇਕ ਰਾਮਾਇਣ ਹੋਰ, ਜਸਵੰਤ ਸਿੰਘ ਵਰਦੀ ਦਾ ਨਾਵਲ 'ਨਿਹਚਲ ਨਾਹੀ ਚੀਤੁ' ਅਤੇ ਡਾਕਟਰ ਹਰਭਜਨ ਸਿੰਘ ਦੀ ਕਵਿਤਾ 'ਤੇਰੇ ਹਜ਼ੂਰ ਮੇਰੀ ਹਾਜ਼ਰੀ ਦੀ ਦਾਸਤਾਨ' ਇਕ ਮਾਡਲ ਵਜੋਂ ਅਪਨਾਉਣੀ ਪਵੇਗੀ। ਮਿਥਕ ਕਿਰਦਾਰਾਂ ਦੇ ਸੰਦਰਭ ਵਿੱਚ ਇਨ੍ਹਾਂ ਵਿਧਾਵਾਂ ਵਿੱਚ ਵਰਤੀਆਂ ਕਲਾਤਮਿਕ ਜੁਗਤਾਂ ਨੂੰ ਸਮਝਣਾ ਪਵੇਗਾ ਤਾਂ ਹੀ ਮਿੰਨੀ ਕਹਾਣੀ ਇੱਕ ਨਿਵੇਕਲੀ ਪਛਾਣ ਸਥਾਪਿਤ ਕਰ ਸਕਦੀ ਹੈ। ਸੋ ਉਪਰੋਕਤ–ਵਿਚਾਰਾਂ ਦੀ ਰੌਸ਼ਨੀ ਵਿੱਚ ਅਸੀਂ ਕਹਿ ਸਕਦੇ ਹਾਂ ਕਿ ਮਿੰਨੀ ਕਹਾਣੀ ਮਨੁੱਖੀ ਸਰੀਰ ਵਿੱਚ ਅਚੇਤ ਤੌਰ 'ਤੇ ਚੁਭੀ ਇੱਕ ਛਿਲਤਰ ਦੀ ਨਿਆਈਂ ਹੁੰਦੀ ਹੈ। ਜਿਹੜੀ ਫਸੀ ਹੋਈ ਵੀ ਮਨੁੱਖ ਨੂੰ ਬੈਚੇਨ ਕਰ ਰੱਖਦੀ ਹੈ



ਤੇ ਜਦੋਂ ਨਿਕਲ ਜਾਵੇ ਤਦ ਵੀ ਕਾਫ਼ੀ ਦੇਰ ਤੱਕ ਆਪਣਾ ਅਸਰ ਸਰੀਰ 'ਤੇ ਛੱਡੀ ਰੱਖਦੀ ਹੈ। ਠੀਕ ਇਸੇ ਤਰ੍ਹਾਂ ਮਿੰਨੀ ਕਹਾਣੀ ਜਦੋਂ ਇੱਕ ਬਿੰਦੂ ਤੋਂ ਅੱਗੇ ਤੁਰਦੀ ਹੈ ਤਾਂ ਪਾਠਕ ਛਿਲਤਰ ਚੁਭੀ ਵਾਂਗ ਬੇਚੈਨ ਹੋਈ ਜਾਂਦਾ ਹੈ ਤੇ ਜਦੋਂ ਕਹਾਣੀ ਖਤਮ ਹੁੰਦੀ ਹੈ ਤਾਂ ਇੰਝ ਮਹਿਸੂਸ ਕਰਦਾ ਹੈ ਜਿਵੇਂ ਛਿਲਤਰ ਨਿਕਲਣ ਬਾਅਦ।

ਉਪਰੋਕਤ ਚਰਚਾ ਦੇ ਪ੍ਰਸੰਗ ਵਿਚ ਅਸੀਂ ਕਹਿ ਸਕਦੇ ਹਾਂ ਕਿ ਮਿੰਨੀ ਕਹਾਣੀ ਦੇ ਵਸਤੂ ਅਨੁਭਵ ਨੂੰ ਯਥਾਰਥਕ ਪੱਧਰ 'ਤੇ ਪੇਸ਼ ਕਰਨ ਲਈ ਵਿਅੰਗ, ਵਿਰੋਧ, ਘਟਨਾਵੀ ਵੇਰਵਿਆਂ ਦੀ ਦੂਰੀ ਵਿਚ ਕਮੀਂ ਅਤੇ ਸੰਕੇਤਕ ਭਾਸ਼ਾ ਆਦਿ ਜਿਹੀਆਂ ਕਲਾਤਮਿਕ ਜੁਗਤਾਂ ਹੀ ਕਾਰਗਰ ਸਿੱਧ ਹੋ ਸਕਦੀਆਂ ਹਨ। ਵਿਸਤਾਰ ਅਤੇ ਅਣਗਿਣਤ ਬੇਲੋੜੇ ਵੇਰਵੇ ਮਿੰਨੀ ਕਹਾਣੀ ਦੀ ਕਲਾਤਮਿਕਤਾ ਦਾ ਹਨਨ ਕਰਕੇ ਮਿੰਨੀ ਕਹਾਣੀ ਦੀ ਵਿਧਾ ਦਾ ਹੀ ਜ਼ੋਰਦਾਰ ਨਾਕਾਰਨ ਕਰਨ ਵਾਲੇ ਆਲੋਚਕਾਂ ਦਾ ਰਾਹ ਮੋਕਲਾ ਕਰਦੇ ਹਨ।

ਵਿਅੰਗ ਇੱਕ ਅਜਿਹਾ ਹਥਿਆਰ ਹੁੰਦਾ ਹੈ ਜਿਸ ਦੇ ਵਾਰ ਸਦਕਾ ਮਿੰਨੀ ਕਹਾਣੀ ਦਾ ਪ੍ਰਭਾਵ ਦੇਰ ਤੱਕ ਰਹਿੰਦਾ ਹੈ। ਮਿੰਨੀ ਕਹਾਣੀ ਦੇ ਵਿਧਾਨ ਮੁਤਾਬਿਕ ਲੇਖਕ ਕੋਈ ਵੀ ਗੱਲ ਸਿੱਧੀ ਪਾਠਕਾਂ ਨਾਲ ਸਾਂਝੀ ਨਹੀਂ ਕਰ ਸਕਦਾ। ਉਹ ਅਜਿਹੇ ਸੁਝਾਊ ਬੋਲਾਂ ਨੂੰ ਸਵੈ–ਕਥਨ ਜਾਂ ਪਾਤਰ ਸੰਵਾਦਾਂ ਰਾਹੀਂ ਪੇਸ਼ ਕਰਦਾ ਹੈ ਜਿਨ੍ਹਾਂ ਦੀ ਸੁਰ ਥੱਲੇ ਉਹ ਅਰਥ ਛੁਪੇ ਹੁੰਦੇ ਹਨ ਜਿਨ੍ਹਾਂ ਨੂੰ ਸੰਚਾਰਤ ਕਰਨ ਦੇ ਮਨੋਰਥ ਵਜੋਂ ਕਹਾਣੀ ਲਿਖੀ ਗਈ ਹੁੰਦੀ ਹੈ। ਟੇਢੇ ਢੰਗ ਨਾਲ ਕੀਤੀ ਗੱਲ ਹੀ ਅਸਲ ਵਿੱਚ ਵਿਅੰਗ ਦੀ ਜਨਮਦਾਤੀ ਹੈ। ਦੂਸਰੇ ਨੰਬਰ 'ਤੇ ਆਉਣ ਵਾਲਾ ਸਰੋਕਾਰ ਵਿਰੋਧ ਹੈ। ਮਿੰਨੀ ਕਹਾਣੀ ਦੀ ਫ਼ਿਤਰਤ ਹੀ ਹੈ ਕਿ ਉਹ ਵਿਸਥਾਰ ਜਾਂ ਵੇਰਵਿਆਂ ਦੀ ਬਜਾਏ ਵਿਰੋਧ ਸਿਰਜੇ। ਪ੍ਰੋ. ਗੁਰਲਾਲ ਸਿੰਘ ਅਨੁਸਾਰ 'ਵਿਰੋਧ ਸਿਰਜਨ ਤੋਂ ਬਿਨਾਂ ਕਿਸੇ ਸਥਿਤੀ ਦੇ ਅੰਤਰ ਵਿਰੋਧ 'ਤੇ ਉਂਗਲ ਨਹੀਂ ਰੱਖੀ ਜਾ ਸਕਦੀ। ਐਸਾ ਕੀਤੇ ਬਿਨਾਂ ਜ਼ਿੰਦਗੀ ਦਾ ਕੋਈ ਰਹੱਸ ਉਦਘਾਟਿਤ ਨਹੀਂ ਹੋ ਸਕਦਾ, ਕੇਵਲ ਜਾਣਕਾਰੀ ਮਿਲ ਸਕਦੀ ਹੈ।... ਮਿੰਨੀ ਕਹਾਣੀ ਜੇ ਰਹੱਸ ਦਾ ਉਦਘਾਟਨ ਨਹੀਂ ਕਰਦੀ ਤਾਂ ਵਾਸਤਵਿਕਤਾ ਜਾਂ ਮਨੋਤਰੰਗ ਦਾ ਸਰਲ ਸਪਾਟ ਬਿਰਤਾਂਤ ਹੋ ਕੇ ਰਹਿ ਜਾਂਦਾ ਹੈ। ਮਿੰਨੀ ਕਹਾਣੀ ਨੂੰ ਸਾਰਥਿਕ ਬਣਾਉਣ ਲਈ ਇਸ ਵਿਰੋਧ ਦਾ ਸਿਖਰਲਾ ਸਿਰ ਸਮਾਜਿਕਤਾ ਨਾਲ ਜੁੜਨਾ ਜ਼ਰੂਰੀ ਬਣ ਜਾਂਦਾ ਹੈ। ਇਸ ਨਾਲ ਹੀ ਮਿੰਨੀ ਕਹਾਣੀ ਵਿੱਚ ਸੰਘਣਨ ਦੀ ਪ੍ਰਕ੍ਰਿਆ ਦਾ ਪ੍ਰਬਲ ਭਾਂਤ ਕਾਰਜਸ਼ੀਲ ਹੋਣਾ ਲਾਜ਼ਮੀ ਹੋ ਜਾਂਦਾ ਹੈ।"

(ਜਨ ਸਾਹਿਤ, ਅਪ੍ਰੈਲ 1993)

ਇਸ ਤੋਂ ਇਲਾਵਾ ਇੱਕ ਗੱਲ ਨੋਟ ਕਰਨ ਵਾਲੀ ਹੈ ਕਿ ਗਲਪ ਦਾ ਕੋਈ ਵੀ ਰੂਪ ਕਹਾਣੀ ਜਾਂ ਨਾਵਲ ਹੋਵੇ, ਉਸ ਵਿਚ ਘਟਨਾਵਾਂ ਦਾ ਤਾਣਾ ਬਾਣਾ ਜ਼ਰੂਰ ਬੁਣਿਆ ਹੁੰਦਾ ਹੈ। ਅਰਥਾਤ ਘਟਨਾ ਦਾ ਅੱਗੋਂ ਆਉਣ ਵਾਲੀ ਘਟਨਾ ਨਾਲ ਨਾਤਾ ਜੋੜਨ ਲਈ ਪਹਿਲੀ ਘਟਨਾ ਨੂੰ ਕਈ ਇੱਕ ਜਟਿਲ ਪ੍ਰਕ੍ਰਿਆਵਾਂ ਵਿੱਚੋਂ ਗੁਜ਼ਰਨਾ ਪੈਂਦਾ ਹੈ। ਮਿੰਨੀ ਕਹਾਣੀ ਅਜਿਹੀ ਜਟਿਲ ਪ੍ਰਕ੍ਰਿਆ ਨਿਰਲੇਪ ਰਹੇਗੀ ਤਾਂ ਹੀ ਹੋਂਦ ਕਾਇਮ ਰਹਿ ਸਕਦੀ ਹੈ। ਪਰ ਕਲਾਤਮਿਕਤਾ ਪ੍ਰਦਾਨ ਕਰਦੇ ਵਕਤ ਮਿੰਨੀ ਕਹਾਣੀ ਵਿੱਚ ਇਕ ਦੋ ਘਟਨਾਵਾਂ ਹੀ ਆਉਣ। ਇੱਕ ਘਟਨਾ ਦੂਸਰੀ ਘਟਨਾ ਨਾਲ ਸਾਂਝ ਪਾ ਕੇ ਪ੍ਰਭਾਵਸ਼ਾਲੀ ਅਰਥ ਸੰਚਾਰਿਤ ਤਾਂ ਹੀ ਕਰ ਸਕਦੀ ਹੈ ਜੇਕਰ ਘਟਨਾ ਤੋਂ ਘਟਨਾ ਦਾ ਫ਼ਾਸਲਾ ਅਲਪ ਹੋਵੇ। ਇਸ ਤਰ੍ਹਾਂ ਕਰਨ ਨਾਲ ਮਿੰਨੀ ਕਹਾਣੀ ਉਸਰਨ ਦੀ ਬਜਾਏ, ਘਟਨਾਵੀ ਰਹੱਸ ਖੋਲ੍ਹਦੀ ਹੋਈ ਪ੍ਰਵਾਨ ਚੜ੍ਹੇਗੀ ਤੇ ਇਹ ਘਟਨਾ ਵੀ ਰਹੱਸ ਖੋਲ੍ਹਣ ਦੀ ਕਾਰਜ ਸਥਿਤੀ ਦੀ ਅਭਿਵਿਅਕਤੀ ਵਿੱਚੋਂ ਢੂੰਡਿਆ ਜਾ ਸਕਦਾ ਹੈ। ਮਹਿਤਾਬ–ਉਦ–ਦੀਨ ਲਿਖਦਾ

ਹੈ-"ਸਥਿਤੀ ਦੀ ਅਭਿਵਿਅਕਤੀ ਵਿੱਚ ਲੇਖਕ ਕਿਸੇ ਘਟਨਾ ਵਿਸੇਸ਼ ਦਾ ਵਿਸ਼ਲੇਸ਼ਣ ਕਰਦਾ ਹੈ। ਇਥੇ ਉਹ ਕਿਸੇ ਘਟਨਾ ਦਾ ਹੂ-ਬ-ਹੂ ਵਰਣਨ ਨਹੀਂ ਕਰਦਾ ਸਗੋਂ ਇੱਥੇ ਉਹ ਘਟਨਾ ਵਿਚਲੇ 'ਕੀ ਹੈ' ਦੇ ਨਾਲ 'ਕਿਉਂ ਹੈ' ਦਾ ਵਰਣਨ ਵੀ ਕਰਦਾ ਹੈ।" ਕੀ ਹੈ ? ਤੇ ਕਿਉਂ ਹੈ ? ਆਦਿ ਪ੍ਰਸ਼ਨਾਂ ਦੇ ਜੁਆਬ ਸਥਿਤੀ ਵਰਨਣ ਵਿੱਚੋਂ ਲੱਭੇ ਜਾ ਸਕਦੇ ਹਨ।

ਇਹ ਤਾਂ ਅਸੀਂ ਉੱਪਰ ਮੰਨ ਆਏ ਹਾਂ ਕਿ ਮਿੰਨੀ ਕਹਾਣੀ ਜੋ ਅਲਪ ਆਕਾਰੀ ਗਲਪ ਵਿਸ਼ਾ ਹੈ, ਵਸਤੂ ਸਾਮਗਰੀ ਨੂੰ ਵਿਰੋਧ ਸਿਰਜ ਕੇ ਪੇਸ਼ ਕਰਦੀ ਹੈ ਤੇ ਯਾਦ ਰਹੇ ਸੰਕੇਤਕ ਭਾਸ਼ਾ ਇਸ ਦੀ ਇੱਕ ਹੋਰ ਸਿਰਜਣਾਤਮਕ ਲੋੜ ਹੈ। 'ਮਿੰਨੀ ਕਹਾਣੀ' ਆਪਣੇ ਆਪ ਨੂੰ ਓਨਾ ਉਸਾਰਦੀ ਨਹੀਂ, ਜਿੰਨਾ ਖੋਲ੍ਹਦੀ ਹੈ। ਇਸ ਵਿੱਚ ਅਰਥ ਉਧੜਦਾ ਨਹੀਂ, ਅਰਥ ਦਾ ਵਿਸਫ਼ੋਟ ਹੁੰਦਾ ਹੈ।" 'ਪ੍ਰੋ. ਗੁਰਲਾਲ ਸਿੰਘ ਜਨ ਸਾਹਿਤ ਅਪਰੈਲ 1993) ਤੇ ਅਰਥ ਦਾ ਵਿਸਫ਼ੋਟ ਮਿੰਨੀ ਕਹਾਣੀ ਵਿੱਚ ਥੋੜ੍ਹੀ ਜਿੰਨੀ ਸਮੱਗਰੀ ਨਾਲ ਹੀ ਹੋ ਜਾਂਦਾ ਹੈ। ਅਰਥ ਵਿਸਫ਼ੋਟ ਲਈ ਸਾਨੂੰ ਸੰਖੇਪ ਸੰਵਾਦ ਜਾਂ ਸੰਖੇਪ ਕਥਨ ਦੀ ਅਭਿਵਿਅਕਤੀ ਚਾਹੀਦੀ ਹੈ ਜੋ ਸੰਕੇਤਕ ਤਾਂ ਸੁਝਾਊ ਭਾਸ਼ਾ ਰਾਹੀਂ ਪ੍ਰਾਪਤ ਹੋ ਸਕਦੀ ਹੈ। ਸੰਕੇਤਮਈ ਭਾਸ਼ਾ ਦੀ ਸਾਰਥਕਤਾ ਤਾਂ ਹੀ ਮੰਨੀ ਜਾ ਸਕਦੀ ਹੈ ਜੇਕਰ ਮਿੰਨੀ ਕਹਾਣੀ ਵਿੱਚ ਪ੍ਰਤੀਕਾਂ, ਬਿੰਬਾਂ ਜਾਂ ਮੁਹਾਵਰਿਆਂ ਦੀ ਵਰਤੋਂ ਵੇਲੇ ਘੱਟ ਤੋਂ ਘੱਟ ਸ਼ਬਦਾਂ ਦਾ ਪ੍ਰਯੋਗ ਕੀਤਾ ਗਿਆ ਹੋਵੇ। ਇਸ ਤੋਂ ਛੁੱਟ ਸੰਕੇਤਕ ਭਾਸ਼ਾ ਵਿੱਚ ਹੀ ਸੰਖੇਪ ਸੰਵਾਦ ਹੋਵੇ ਜੋ ਥੋੜ੍ਹੇ ਸਮੇਂ ਵਿੱਚ ਬੋਲਿਆਂ ਡੂੰਘੇਰਾ ਪ੍ਰਭਾਵ ਛੱਡਣ ਦੀ ਯੋਗਤਾ ਰੱਖੇ। ਇਹ ਤਾਂ ਹੀ ਹੋ ਸਕਦਾ ਹੈ ਜੇਕਰ ਕਿਰਦਾਰੀ ਸ਼ਕਤੀਆਂ ਦੇ ਸੰਵਾਦਾਂ ਲਈ ਪ੍ਰਯੋਗ ਕੀਤੇ ਸ਼ਬਦ ਪ੍ਰਤੀਕਾਤਮਿਕ ਸ਼ੈਲੀ ਵਿੱਚ ਪ੍ਰੋਏ ਮਿਲਣ। ਡਾ. ਤੇਜਵੰਤ ਮਾਨ ਜਿੰਦਰ ਦੇ ਮਿੰਨੀ ਕਹਾਣੀ ਸੰਗ੍ਰਹਿ 'ਕਰੂੰਬਲਾਂ' ਦੇ ਪੰਨਾ 7-8 ਉੱਪਰ ਲਿਖਦਾ ਹੈ"-ਇਹ ਸੰਵਾਦ ਹੀ ਸ਼ਬਦ ਦੇ ਅਰਥਾਂ ਨੂੰ ਵਾਸਤਵਿਕ ਅਤੇ ਇਤਿਹਾਸਕ ਪ੍ਰਵਾਹ ਪ੍ਰਦਾਨ ਕਰਦਾ ਹੈ ਤਿੱਖਾ ਤੇ ਤੇਜ਼ ਗਤੀ ਦਾ ਪ੍ਰਵਾਹ ਕਿਤੇ-ਕਿਤੇ ਤਿੜਕਵੇਂ ਰੂਪ ਵਿੱਚ ਵਾਦ-ਵਿਵਾਦ ਸ਼ੋਰ ਕਰਦਾ ਹੈ। ਇਨ੍ਹਾਂ ਚੁਭਵੇਂ ਅਤੇ ਤਿਲਕਵੇਂ ਬੋਲਾਂ ਦਾ ਬੜਾ ਮਹੱਤਵ ਹੈ ਜੋ ਮੇਰੀ ਸਮਝ ਅਨੁਸਾਰ ਸਾਹਿਤ ਵਿਚ ਮਿੰਨੀ ਕਹਾਣੀ ਸੰਭਾਲਦੀ ਹੈ।" ਇਸ ਤਰ੍ਹਾਂ ਕਰਨ ਨਾਲ ਮਿੰਨੀ ਕਹਾਣੀ ਦੀ ਰੂਪਕ ਪੱਕਿਆਈ ਦੀ ਸਾਰਥਕਤਾ ਹੋਰ ਪਰਚੰਡ ਰੂਪ ਵਿੱਚ ਉਭਰੇਗੀ। ਅੰਤ ਵਿਚ ਅਸੀਂ ਆਪਣੀ ਚਰਚਾ ਨੂੰ ਸਮੇਟਦੇ ਹੋਏ ਜਨਾਬ ਮਹਿਤਾਬ-ਉਦ-ਦੀਨ ਦੇ ਉਹ ਵਿਚਾਰ ਦੇ ਰਹੇ ਹਾਂ ਜੋ ਉਸ ਨੇ ਆਪਣੇ ਸ਼ੋਧ ਪ੍ਰਬੰਧ ਪ੍ਰਕਾਸ਼ਿਤ ਪੁਸਤਕ ਦੇ ਪੰਨਾ 40-41 ਉੱਪਰ ਦਿੱਤੇ ਹਨ। ਪ੍ਰਤੀਕਾਂ ਮੁਹਾਵਰਿਆਂ ਦੀ ਮਦਦ ਨਾਲ ਘੱਟ ਤੋਂ ਘੱਟ ਸ਼ਬਦਾਂ ਦਾ ਪ੍ਰਯੋਗ ਕਰਨਾ ਚਾਹੀਦਾ ਹੈ ਕਿਉਂਕਿ ਕਥਾ ਦਾ ਭੂਤ, ਵਰਤਮਾਨ ਤੇ ਭਵਿੱਖ ਪਾਠਕਾਂ ਦੇ ਮਨ ਵਿੱਚ ਉਸ ਬਿੰਬ ਸਿਰਜਣਾ ਰਾਹੀਂ ਸਿਰਜਿਆ ਜਾਂਦਾ ਹੈ ਜੋ ਲੇਖਕ, ਜੀਵਨ ਸਮੇਂ ਸਮਾਜ 'ਚੋਂ ਲੈ ਕੇ ਇੱਕ ਚਿੱਤਰ ਰੂਪ ਵਿੱਚ ਪੇਸ਼ ਕਰਦਾ ਹੈ। ਪ੍ਰੰਤੂ ਇੱਕ ਗੱਲ ਹਮੇਸ਼ਾਂ ਚੇਤੇ ਰਹੇ ਕਿ ਕਹਾਣੀਆਂ ਵਿਚ ਔਖੇ ਸ਼ਬਦ ਵਰਤਣਾ, ਊਲ ਜਲੂਲ ਬਿੰਬ ਵਰਤਣਾ ਲੇਖਕ ਦੀ ਵਿਦਵਤਾ ਨੂੰ ਨਹੀਂ ਸਗੋਂ ਪਾਠਕਾਂ ਪ੍ਰਤੀ ਬੇਪ੍ਰਵਾਹੀ ਗ਼ੈਰ-ਜ਼ਿੰਮੇਵਾਰੀ ਅਤੇ ਸਾਹਿਤਕ ਸੂਝ ਦੀ ਘਾਟ ਹੀ ਦਰਸਾਉਂਦਾ ਹੈ।... ਮਿੰਨੀ ਕਹਾਣੀ ਜੀ.ਟੀ.ਰੋਡ ਦੇ ਕਿਨਾਰਿਆਂ 'ਤੇ ਲੱਗੇ ਟਰੈਫਿਕ ਅਸੂਲਾਂ ਦੇ ਚਿੰਨ੍ਹ-ਬੋਰਡ ਜਿੰਨੀ ਸੰਖੇਪ ਤੇ ਸੁਝਾਉ ਹੁੰਦੀ ਹੈ ਜਿਸ ਨੂੰ ਸਮਝਣ ਲੱਗੇ ਪਾਠਕ ਨੂੰ ਕੋਈ ਵਿਸ਼ੇਸ਼ ਔਖਿਆਈ ਵੀ ਪੇਸ਼ ਨਹੀਂ ਆਉਂਦੀ ਅਤੇ ਇਨ੍ਹਾਂ ਚਿੰਨ੍ਹਾਂ ਵਾਂਗ ਹੀ ਇਹ ਪਾਠਕ ਨੂੰ ਜ਼ਿੰਦਗੀ ਦੀਆਂ ਵੱਖ-ਵੱਖ ਸਮੱਸਿਆਵਾਂ ਪ੍ਰਤੀ ਸਾਵਧਾਨ ਕਰਦੀ ਹੋਈ ਸਹੀ ਰਾਹੇ ਵੀ ਪਾਉਂਦੀ ਹੈ।"

ਉਪਰੋਕਤ ਵਿਚਾਰਾਂ ਦੀ ਰੌਸ਼ਨੀ ਵਿਚ ਜੇਕਰ ਅਸੀਂ ਮਿੰਨੀ ਕਹਾਣੀ ਦੇ ਲੇਖਕਾਂ ਵੱਲ ਨਜ਼ਰ



ਮਾਰੀਏ ਤਾਂ ਖ਼ੁਸ਼ੀ ਹੁੰਦੀ ਹੈ ਕਿ ਅੱਜ ਬਹੁਤੇ ਮਿੰਨੀ ਕਹਾਣੀਕਾਰ ਇਸ ਵਿਧਾ ਦੇ ਵਿਧਾਨ ਪ੍ਰਤੀ ਜਾਗਰੂਕ ਹਨ। ਇਨ੍ਹਾਂ ਸੁਹਿਰਦ ਲੇਖਕਾਂ ਅਤੇ ਕੁਝ ਹੱਦ ਤੱਕ ਮਿੰਨੀ ਕਹਾਣੀ ਦੇ ਆਲੋਚਕਾਂ ਸਦਕਾ ਇਸ ਵਿਧਾ ਦੀ ਅਕਾਦਮਿਕ ਖੇਤਰ ਵਿਚ ਵੀ ਸੁਣਵਾਈ ਹੋਣ ਲੱਗੀ ਹੈ। ਪੋਸਟ ਗਰੈਜੂਏਟ ਜਮਾਤਾਂ ਦੇ ਸਾਲਾਨਾ ਇਮਤਿਹਾਨਾਂ ਵਿਚ ਗਲਪ ਦੇ ਪੇਪਰ ਵਿਚ ਮਿੰਨੀ ਕਹਾਣੀ ਸੰਬੰਧੀ ਪ੍ਰਸ਼ਨ ਪੁਛਿਆ ਜਾਣਾ ਜਾਂ ਕੁਝ ਲੇਖਕਾਂ ਦੇ ਮਿੰਨੀ ਕਹਾਣੀ ਸੰਗ੍ਰਹਿ ਅਕਾਦਮਿਕ ਕੋਰਸਾਂ ਲਈ ਪ੍ਰਵਾਨ ਚੜ੍ਹਨੇ, ਇਸ ਗੱਲ ਦਾ ਪ੍ਰਮਾਣ ਹਨ ਕਿ ਮਿੰਨੀ ਕਹਾਣੀ ਗਲਪ ਖੇਤਰ ਵਿੱਚ ਆਪਣਾ ਵੱਖਰਾ ਬਿੰਬ ਸਥਾਪਿਤ ਕਰ ਚੁੱਕੀ ਹੈ।

ਇਸ ਨੂੰ ਵੱਖਰੀ ਪਹਿਚਾਣ ਦੁਆਉਣ ਵਿੱਚ ਡਾ. ਅਮਰ ਕੋਮਲ, ਡਾ. ਤੇਜਵੰਤ ਮਾਨ, ਜਗਦੀਸ਼ ਅਰਮਾਨੀ, ਮਹਿਤਾਬ-ਉਦ-ਦੀਨ, ਡਾ. ਜੋਗਿੰਦਰ ਸਿੰਘ ਨਿਰਾਲਾ, ਪ੍ਰੋ. ਗੁਰਲਾਲ ਸਿੰਘ, ਡਾ. ਅਨੂਪ ਸਿੰਘ, ਡਾ. ਸ਼ਿਆਮ ਸੁੰਦਰ ਦੀਪਤੀ, ਅਤੇ ਨਿਰੰਜਣ ਬੋਹਾ ਆਦਿ ਚਿੰਤਕਾਂ ਦੇ ਸਮੇਂ-ਸਮੇਂ ਲਿਖੇ ਨਿਬੰਧਾਂ ਦੀ ਦੇਣ ਤੋਂ ਇਨਕਾਰੀ ਨਹੀਂ ਹੋਇਆ ਜਾ ਸਕਦਾ।

ਅੱਜ ਤੋਂ ਕਈ ਵਰ੍ਹੇ ਪਹਿਲਾਂ ਮੈਨੂੰ ਮਿੰਨੀ ਕਹਾਣੀਕਾਰ ਸੁਰਿੰਦਰ ਮਕਸੂਦਪੁਰੀ ਤੋਂ ਕਿਸੇ ਸਮਾਗਮ ਬਾਰੇ ਗੱਲ ਕਰਦਿਆਂ ਜਾਣਕਾਰੀ ਮਿਲੀ ਸੀ ਕਿ ਉਸ ਸਮਾਗਮ ਵਿੱਚ ਇਕ ਵਿਦਵਾਨ ਸਮੀਖਿਅਕ ਨੇ ਮਿੰਨੀ ਕਹਾਣੀ ਨੂੰ ਪਰਿਭਾਸ਼ਤ ਕਰਦਿਆਂ ਕਿਹਾ ਸੀ ਕਿ ਅਸੀਂ ਜਦੋਂ ਕਿਸੇ ਨਾਲ ਜਲਦਬਾਜ਼ੀ 'ਚ ਗੱਲ ਕਰ ਰਹੇ ਹੁੰਦੇ ਹਾਂ ਤਾਂ ਅਸੀਂ ਕਈ ਵਾਰੀ ਕਹਿ ਛੱਡਦੇ ਹਾਂ ਕਿ "ਯਾਰ! ਕੀ ਕਹਾਣੀਆਂ ਪਾਈ ਜਾਨੈ। ਵਿਚੋਂ ਗੱਲ ਦਾਸ ਕੀ ਏ ? ਸੋ ਵਿਚੋਂ ਗੱਲ ਦਸ ਕੀ ਏ ਦਾ ਹੀ ਨਾਂ ਹੈ ਮਿੰਨੀ ਕਹਾਣੀ।" ਮੈਨੂੰ ਮਿੰਨੀ ਕਹਾਣੀ ਬਾਰੇ ਇਹ ਵਿਚਾਰ ਬੜੇ ਹੀ ਪਸੰਦ ਆਏ ਸਨ ਤੇ ਮੈਨੂੰ ਪੂਰਾ ਯਕੀਨ ਨਹੀਂ ਸੀ ਕਿ ਇਹ ਕਿਸ ਵਿਦਵਾਨ ਦੇ ਸਨ। ਹੋ ਸਕਦੈ ਮੈਂ ਗ਼ਲਤ ਵੀ ਹੋ ਸਕਦਾਂ ਤੇ ਠੀਕ ਵੀ, ਸ਼ਾਇਦ ਮਕਸੂਦਪੁਰੀ ਨੇ ਇਨ੍ਹਾਂ ਪ੍ਰਮਾਣਿਤ ਵਿਚਾਰਾਂ ਬਾਰੇ ਡਾ. ਤੇਜਵੰਤ ਮਾਨ ਦਾ ਨਾਂ ਲਿਆ ਸੀ। ਪਾਠਕਾਂ ਨੂੰ ਜੇ ਜਾਣਕਾਰੀ ਹੋਵੇ ਤਾਂ ਇਨ੍ਹਾਂ ਵਿਚਾਰਾਂ ਦੇ ਲੇਖਕ ਦਾ ਨਾਂ ਦੱਸ ਸਕਦੇ ਹਨ। ਰੂਹ ਪੰਜਾਬੀ ਧੰਨਵਾਦੀ ਹੋਵੇਗਾ।

***

## ਪੁਸਤਕ ਪ੍ਰਾਪਤੀ

1. ਸੁਨਿਆਂ ਦਾ ਜਜ਼ੀਰਾ (ਕਾਵਿ ਸੰਗ੍ਰਹਿ)- ਗੁਰਦਿਆਲ ਪੱਲ੍ਹਾ
2. ਸੂਰਜਾਂ ਦੀ ਭਾਲ ਵਿਚ (ਗ਼ਜ਼ਲ ਸੰਗ੍ਰਹਿ) - ਭੁਪਿੰਦਰ ਸੰਧੂ
3. ਮੈ ਮੀਲ ਪੱਥਰ ਹਾਂ (ਗਜ਼ਲ ਸੰਗ੍ਰਹਿ) - ਜਨਕਪ੍ਰੀਤ ਬੇਗੋਵਾਲ
4. ਸ਼ਬਦ ਬਣੇ ਫੁਲਕਾਰੀ (ਕਾਵਿ ਸੰਗ੍ਰਹਿ) - ਜਸਵਿੰਦਰ ਫਗਵਾੜਾ
5. ਗਾ ਜ਼ਿੰਦਗੀ ਦੇ ਗੀਤ - ਪ੍ਰੋ. ਸਮਸ਼ੇਰ ਸਿੰਘ ਸੰਧੂ (ਗਜ਼ਲ ਸੰਗ੍ਰਹਿ)
6. ਮਹਿਫ਼ਲ ਸ਼ਬਦਾਂ ਦੀ - ਸੰਪਾਦਕ ਕੇਵਲ ਮਾਣਕਪੁਰੀ (ਕਾਵਿ ਸੰਗ੍ਰਹਿ)
7. ਮਹਿਕਾਂ ਦਾ ਦਰਿਆ - ਸੰਪਾਦਕ ਕੇਵਲ ਮਾਣਕਪੁਰੀ (ਕਾਵਿ ਸੰਗ੍ਰਹਿ)

# ਕਾਵਿ ਸੰਸਾਰ

## ਕਾਫ਼ਿਲੇ ਦਾ ਪਾਂਧੀ

**ਰਤਨ ਟਾਹਲਵੀ**



ਉਦੋਂ
ਮੈਂ ਵੀ ਉਸ ਕਾਫ਼ਿਲੇ ਦਾ ਪਾਂਧੀ ਸਾਂ
ਜੋ ਪਰਾਈ ਧਰਤੀ ਨੂੰ
ਰਾਜਕ ਰਹੀਮ ਮੰਨ
ਸੱਤਾਂ ਪਾਣੀਆਂ ਨੂੰ ਪਾਰ ਕਰ ਜਾ ਰਿਹਾ ਸੀ
ਕੁਝ ਮੇਰੇ ਵਰਗੇ,
ਮਜਬੂਰੀ ਤੇ ਪੇਟ ਖਾਤਰ
ਕੁਝ ਸਰਦੇ ਪੁੱਜਦੇ ਘਰਾਂ ਦੇ
ਆਪਣੇ ਅਰਥਚਾਰੇ ਨੂੰ
ਵੱਡੇ ਤੋਂ ਵੱਡੇ ਅੰਕ ਨਾਲ ਜ਼ਰਬ ਦੇਣ ਲਈ।
ਬੱਸ,
ਸਭ ਚੱਲਦੇ ਹੀ ਜਾ ਰਹੇ ਸਨ।
ਕੁਝ ਮੇਰੇ ਵਰਗੇ
ਭੂ-ਹੇਰਵੇ ਦੇ ਆਲਮ ਵਿੱਚ ਗ਼ਮਗੀਨ, ਕੁਝ ਨਿਰਮੋਲੇ
ਸਮੁੰਦਰੀ ਛੱਲਾਂ ਵਿੱਚ ਰੂਹ ਨੂੰ ਭਿਉਂਦੇ।
ਬਸ ਜਾ ਹੀ ਰਹੇ ਸਨ।
ਅਚਾਨਕ
ਸੱਤਾਂ ਪਾਣੀਆਂ ਉੱਤੇ
ਪਰਾਈ ਧਰਤੀ ਦੇ ਰਾਜ ਕਰਨ ਵਾਲੇ
ਰਾਜ਼ਕ ਰਹੀਮਾਂ
ਸ਼ੈਤਾਨ, ਹੈਵਾਨ ਦੇ ਆਸਰੇ
ਮੌਤ ਦਾ ਮੰਜ਼ਰ ਬਰਸਾ ਦਿੱਤਾ।
ਅੱਖ ਦੇ ਫੋਰ ਵਿੱਚ
ਕੀ ਨਿਰਮੋਹੇ, ਕੀ ਮਜ਼ਬੂਰ
ਸਭ ਪਾਣੀਆਂ ਸੰਗ ਪਾਣੀ ਹੋ ਗਏ।
ਤੇ-
ਅੱਜ ਵੀ
ਉਹ ਮੰਜ਼ਰ, ਅੱਖਾਂ ਸਾਹਵੇਂ ਤਾਂ ਆਉਂਦਾ ਏ



ਪਰ ਰਾਜ਼ਕ ਰਹੀਮ ਦੀਆਂ ਅੱਖਾਂ ਅੱਗੇ ਨਹੀਂ
ਜੇ ਆਉਂਦਾ ਹੈ ਤਾਂ ਉਹ ਪਰਦਾ।

ਫੋਨ ਨੰ: 81462-10637

***

## ਅੱਖਰਾਂ ਦੇ ਪੰਜ-ਆਬ

**ਪ੍ਰੋ. ਕੁਲਵੰਤ ਔਜਲਾ**

ਚਲੋ ਲਗਾਈਏ ਘਰ ਘਰ ਅੰਦਰ, ਦਿਲ-ਅੱਖਰਾਂ ਦੀਆਂ ਦਾਬਾਂ
ਅੱਖਰਾਂ ਦੀ ਕੁੱਖ ਵਿੱਚੋਂ ਉਗਦੇ, ਵੇਦ, ਗ੍ਰੰਥ, ਕਿਤਾਬਾਂ
ਅੱਖਰ ਕਾਵਿਕ ਰੁੱਖਾਂ ਵਰਗੇ, ਬਿੰਬ ਰੂਪਕ ਉਪਮਾਵਾਂ
ਅੱਖਰ ਹੁੰਦੇ ਬੋਟ ਆਹਲਣੇ, ਸਰਗਮ ਦਾ ਸਿਰਨਾਵਾਂ
ਅੱਖਰ ਨਾੜ, ਨਬਜ਼ ਤੇ ਨਗ਼ਮੇਂ, ਅੱਖਰ ਇਸ਼ਕ ਚਨਾਬ
ਅੱਖਰਾਂ ਦੀ ਰੂਹ ਅੰਦਰ ਬੀਜੀ, ਨਾਨਕ ਗੁਰੂ ਰਬਾਬ
ਹਾਸ਼ਮ, ਬੁੱਲ੍ਹਾ, ਕਾਦਰ, ਬਾਹੂ, ਅੱਖਰ ਭਗਤ ਕਬੀਰ
ਅੱਖਰਾਂ ਦੇ ਵਿੱਚ ਅਜੇ ਜੀਊਂਦੀ, ਵਾਰਸ ਸ਼ਾਹ ਦੀ ਹੀਰ
ਪੂਰੀ ਦੁਨੀਆ ਪੈਦਲ ਗਾਹ ਕੇ, ਵਣਜ ਕਮਾਇਆ ਅੱਖਰਾਂ ਦਾ
ਅੱਖਰ ਟੇਕ ਟਿਕਾਣਾ ਤਕੀਆ, ਸ਼ਾਇਰ ਮੁਰਸ਼ਦ ਫ਼ੱਕਰਾਂ ਦਾ
ਅੱਖਰ ਲੋਰੀਆਂ ਅੱਖਰ ਬਾਤਾਂ, ਅੱਖਰ ਹਨ ਆਹੁਲਣੀਆਂ ਵੈਣ
ਅੱਖਰ ਸੱਸੀਆਂ ਅੱਖਰ ਸੋਹਣੀਆਂ, ਅੱਖਰ ਦਿਨ ਦਰਿਆ ਦੇ ਵਹਿਣ
ਅੱਖਰਾਂ ਅੰਦਰ ਰਚ ਗਏ ਓੜਕ, ਲਹੂ ਭਿੱਜੇ ਲੱਖਾਂ ਇਤਿਹਾਸ
ਹੱਲ, ਪੰਜਾਲੀਆਂ, ਕਹੀਆਂ ਰੰਬੇ, ਅੱਖਰ ਵਰਗੇ ਖੂਹ ਖਰਾਸ
ਅੱਖਰ ਨਵੀਂ ਸਵੇਰ ਦੇ ਸੁਪਨੇ, ਅੱਖਰਾਂ 'ਚੋਂ ਸਿੰਗਦੇ ਵਿਦਰੋਹ
ਅੱਖਰ ਤੇਗ਼ ਤੀਰ ਤੇ ਖੰਡੇ, ਜੰਗਾਂ ਯੁੱਧਾਂ ਦੀ ਖੁਸ਼ਬੋਅ
ਅੱਖਰ ਬੰਦ ਬੰਦ ਕਟਵਾਉਂਦੇ, ਅੱਖਰ ਗੋਬਿੰਦ ਦੀ ਤਲਵਾਰ
ਅੱਖਰਾਂ ਤੋਂ ਚੱਕੀਆਂ ਪਿਸਵਾਉਂਦੇ, ਬਾਬਰ ਨੂੰ ਜ਼ਾਲਮ ਸਰਕਾਰ
ਬੇਸ਼ਕ ਸਭ ਤੋਂ ਵੱਡਾ ਹੋ ਗਿਆ, ਦੁਨੀਆਂ ਵਿੱਚ ਰੁਪਈਆ
ਐਪਰ ਅੱਖਰਾਂ ਦੀ ਦੁਨੀਆਂ ਵਿੱਚ, ਵੱਡਾ ਭਾਈ ਘਨਈਆ
ਅੱਖਰਾਂ ਦਾ ਨਿੱਕਾ ਜੇਹਾ ਆਸ਼ਕ, ਖ਼ਾਕਸਾਰ ਕੁਲਵੰਤ
ਜਿਸ ਨੂੰ ਕਦੇ ਨਾ ਚੇਤੇ ਭੁੱਲਦਾ, ਆਪਣਾ ਆਦਿ ਤੇ ਅੰਤ
ਰਹਿਣ ਪੁੰਗਰਦੇ ਬਾਲ ਮਨਾਂ 'ਚੋਂ, ਲਗਰਾਂ ਬਣ ਬਣ ਖ਼ਾਬ
ਰਹਿਣ ਧੜਕਦੇ ਸਦਾ ਹੀ ਮੌਲਾ, ਅੱਖਰਾਂ ਦੇ ਪੰਜ-ਆਬ

***

# ਸਾਈਆਂ

**ਪ੍ਰੀਤ ਨੀਤਪੁਰ**

ਦੱਸ ਕਿਵੇਂ ਲੰਘਾਈਏ ਝੱਟ ਸਾਈਆਂ।
ਮਹਿੰਗਾਈ ਨੇ ਕੱਢੇ ਵੱਟ ਸਾਈਆਂ।
ਹੁਣ ਚੱਕਿਆਂ ਚੱਕੀ ਨਹੀਂ ਜਾਂਦੀ,
ਭਾਰੀ ਕਬੀਲਦਾਰੀ ਦੀ ਛੱਟ ਸਾਂਈਆਂ,
ਖੇਤਾਂ 'ਚ ਡੁੱਲ੍ਹਿਆ ਮੁੜਕਾ ਸਾਡਾ,
ਜਰਵਾਣੇ ਲੈ ਗਏ ਫਸਲਾਂ ਕੱਟ ਸਾਈਆਂ,
ਸਾਡੇ ਨਸੀਬੀਂ ਨਾ ਹੀਰ ਦੀ ਚੂਰੀ,
ਨਾ ਸਹਿਬਾਂ ਦਾ ਪੱਟ ਸਾਈਆਂ,
ਨੀਂਦ ਨ੍ਹੀਂ ਆਉਂਦੀ ਭੁੱਖ ਨ੍ਹੀਂ ਲੱਗਦੀ,
ਕਿਤੇ ਗਹਿਰੀ ਵੱਜੀ ਸੱਟ ਸਾਈਆਂ,
ਹੁਣ ਜਿਉਣ ਦਾ ਰਿਹਾ ਨ੍ਹੀਂ ਹੱਜ ਸਾਡਾ,
ਸੱਜਣ ਤੁਰ ਗਿਆ ਮੁੱਖੜਾ ਵੱਟ ਸਾਈਆਂ

ਡਾ. ਬਾੜੀਆਂ ਕਲਾਂ
ਜ਼ਿਲ੍ਹਾ - ਹੁਸ਼ਿਆਰਪੁਰ, 98788-05238

***

# ਨਜ਼ਮ

**ਗੁਰਦਿਆਲ ਪੱਲ੍ਹਾ**

ਬੜੀ ਅਥੱਰੀ ਤੇ ਅਨੋਖੀ ਚੀਜ਼ ਹਾਂ ਮੈਂ।
ਉਸਦੀ ਝੁਕ ਗਈ ਨਜ਼ਰ ਦੀ ਨੀਝ ਹਾਂ ਮੈਂ।
ਜ਼ਿਹਨ 'ਚ ਕਈ ਸਵਾਲ ਬਲਦੇ ਧੁਖਦੇ ਰਹੇ
ਗਮਲੇ 'ਚ ਉੱਗਿਆ ਫਾਲਤੂ ਬੀਜ ਹਾਂ ਮੈਂ
ਇਕ ਸੋਚ ਉਦਾਸੀ ਝੂਰਦੀ ਤੇ ਘੂਰਦੀ ਕਿਸੇ ਗਰੀਬ ਦੇ ਗਲ ਪਿਆ ਕਮੀਜ਼ ਹਾਂ ਮੈਂ।
ਹੁੰਝਣਾ ਹੈ ਹਨੇਰਾ ਇਰਦ-ਗਿਰਦ ਫੈਲਿਆ
ਚਮਕ ਰਹੀਆਂ ਕਿਰਨਾਂ ਦੀ ਤੀਜ ਹਾਂ ਮੈਂ
ਅਹਿਸਾਸ ਦੇ ਚਿਰਾਗ ਵੀ ਬੁਝ ਗਏ ਆਖਿਰ
ਕਿਸੇ ਦੇ ਸੀਨੇ ਵਿੱਚ ਧੁਖਦੀ ਰੀਝ ਹਾਂ ਮੈਂ।


ਪਿੰਡ ਪੱਲ੍ਹਾ ਜ਼ਿਲ੍ਹਾ ਅੰਮ੍ਰਿਤਸਰ, 143205
ਮੋ: 95924-46162

***



# ਸੁਨੇਹਾ

*ਜਗਜੀਤ ਸਿੰਘ ਗੁਰਮ*



ਜ਼ਹਿਰੀ ਜਿਹੀ ਹਵਾ
ਬਣੀ ਸਾਹਾਂ 'ਤੇ ਹੈ ਭਾਰ।
ਆਉਣ ਵਾਲੀ ਪੀੜ੍ਹੀ ਦੀ
ਲਊਗਾ ਕੌਣ ਸਾਰ।
ਰੁਲੀਆਂ ਸਿਆਣਪਾਂ
ਨੇ ਅੱਧ ਵਿਚਕਾਰ।
ਆਉ ਸਾਰੇ ਰਲ ਮਿਲ ਕਰੀਏ ਵਿਚਾਰ।
ਸਾਡੀਆਂ ਹੀ ਲੋੜਾਂ ਨੇ
ਭਟਕ ਜਦੋਂ ਜਾਂਦੀਆਂ।
ਉਦੋਂ ਫਿਰ ਵਖਰੇ ਇਹ ਰਾਹ ਨੇ ਬਣਾਦੀਆਂ।
ਰਾਹ ਨੇ ਜੋ ਜ਼ਹਿਰ ਦੇ।
ਸਾਡੇ ਉੱਤੇ ਕਹਿਰ ਦੇ
ਕਿਥੋਂ ਤੱਕ ਨੱਸੋਗੇ।
ਕਿਨੂੰ ਜਾ ਕੇ ਦੱਸੋਗੇ।
ਸਾਰੇ ਪਾਸੇ ਵੇਖ ਲਵੀਂ
ਪੈਂਦੀ ਸਭੇ ਮਾਰ।
ਜ਼ਹਿਰੀ ਜਿਹੀ ਹਵਾ...।
ਧੂੰਆਂ ਹੋਈ ਜ਼ਿੰਦਗੀ
ਧੂੰਏ ਦੇ ਸੰਗ ਰਲ ਕੇ।
ਜਿਧਰੋਂ ਦੀ ਲੰਘੀਏ
ਲੰਘੀਏ ਅੱਖਾਂ ਮਲ ਕੇ।
ਧੂੰਏ ਦਾ ਹਨੇਰਾ।
ਜਾਵੇ ਮਲਦਾ ਚੁਫੇਰਾ।
ਨਾ ਬਦਲਾਂ ਦਾ ਸ਼ੋਰ।
ਨਾ ਹੀ ਪੈਲਾਂ ਪਾਉਣ ਮੋਰ।
ਕਿਸ ਕੋਲ ਜਾਈਏ
ਕਿਥੇ ਕਰੀਏ ਪੁਕਾਰ।
ਜ਼ਹਿਰੀ ਜਿਹੀ ਹਵਾ...।
ਵੇਖ ਰੁੱਤ ਮੁਰਝਾਈ
ਫੁੱਲ ਹੋਏ ਨੇ ਉਦਾਸ।
ਕੌਣ ਸਾਂਭੂਗਾ ਸੁਗੰਧ

ਕੌਣ ਆਊ ਸਾਡੇ ਪਾਸ।
ਰਲ ਮਤਾ ਇਹ ਪਕਾਈਏ।
ਕਿਵੇਂ ਜਗ ਨੂੰ ਬਚਾਈਏ।
ਹੈ ਪ੍ਰਦੂਸ਼ਣ ਹਟਾਉਣਾ।
ਆਪਾ ਜਗ ਮਹਿਕਾਉਂਣਾ।
ਰੁੱਖ ਲਾਈਏ ਹੱਥੋਂ ਹੱਥੀ
ਬਣ ਸਾਂਝਾ ਪਰਿਵਾਰ।
ਫ਼ਿਰ ਜ਼ਹਿਰੀ ਇਹ ਹਵਾ
ਨਾ ਬਣੂ ਸਾਹਾਂ ਉੱਤੇ ਭਾਰ।
ਫਿਰੂ ਮਹਿਕਦੀ ਬਹਾਰ।
ਫਿਰੂ ਮਹਿਕਦੀ ਬਹਾਰ।

**ਮਕਾਨ ਨੰ. 1008/29/2, ਗਲੀ ਨੰ: 8,**
**ਬਾਲ ਸਿੰਘ ਨਗਰ, ਜੋਧੇਵਾਲ ਬਸਤੀ, ਲੁਧਿਆਣਾ**

***

## "ਗੁਲਾਬ ਰੰਗੀਆਂ"

**ਹਰਜਸ ਦਿਲਬਰ**



ਬਣ ਠਣ ਮੇਲੇ ਮੁਟਿਆਰਾਂ ਆ ਗਈਆਂ
ਸਾਰੇ ਮੇਲੇ ਉਤੇ ਨਾਰਾਂ ਛਾਅ ਗਈਆਂ
ਪਾਈਆਂ ਸੋਹਣੀਆਂ ਪੁਸ਼ਾਕਾਂ ਕਿੰਨੀਆਂ ਨੇ ਫੱਬੀਆਂ
ਜੋ ਮੇਲੇ ਆਈਆਂ ਮੁਟਿਆਰਾਂ ਖੂਬ ਸੱਜੀਆਂ
ਬੱਲੇ-ਬੱਲੇ ਮੁੰਡਿਆਂ ਨੇ ਅੱਖੀਆਂ ਟਿਕਾਈਆਂ
ਸੋਹਣੀਆਂ ਸੁਸ਼ੀਲ ਜਦੋਂ ਮੇਲੇ ਵਿੱਚ ਆਈਆਂ
ਮੇਲੇ ਵਿੱਚ ਆਈਆਂ ਫਿਰ ਸੂਰਤਾਂ ਪਿਆਰੀਆਂ
ਸਿਰਾਂ ਉਤੇ ਲਈਆਂ ਰੰਗਦਾਰ ਫੁਲਕਾਰੀਆਂ
ਪਿਆਰ ਭਰੀ ਤੱਕਣੀ ਏ ਮਨ ਮੋਹਣੀਆਂ
ਮੇਲੇ ਵਿੱਚ ਆਈਆਂ ਦਿਲਾ ਅੱਤ ਸੋਹਣੀਆਂ
ਮਲੂਕ ਗੋਰੇ ਹੱਥ, ਹੱਥਾਂ ਉੱਤੇ ਮਹਿੰਦੀਆਂ
ਇਕ ਦੂਜੀ ਨਾਲ ਮੇਲੇ ਵਿਚ ਖਹਿੰਦੀਆਂ
ਆਉਣ ਗੋਰੀਆਂ ਕਲਾਈਆਂ ਉਤੇ ਵੰਗਾਂ ਛਣਕਾਉਂਦੀਆਂ
ਮੇਲੇ ਵਿਚ ਜਦੋਂ ਪੰਜਾਬਣਾਂ ਨੇ ਆਉਂਦੀਆਂ
ਚਾਵਾਂ ਨਾਲ ਮੇਲ ਆਈਆਂ ਅੱਲੜਾਂ ਪਿਆਰੀਆਂ
ਵਿਆਹੀਆਂ ਤੇ ਕੁਆਰੀਆਂ ਨੇ ਆਈਆਂ ਸਾਰੀਆਂ



ਮਜਾਜਣਾਂ ਨੇ ਲੱਕ ਤੂਤ ਦੀਆਂ ਟਾਹਣੀਆਂ
ਕਿਵੇਂ ਨਜ਼ਰਾਂ ਟਿਕਾਈਆਂ ਹਾਣ ਦਿਆਂ ਹਾਣੀਆ
ਪਤਲੇ ਸਰੀਰ ਕੱਦ ਲੰਬੇ ਨਾਰਾਂ ਦੇ
ਮੇਲੇ ਵਿੱਚ ਆਈਆਂ ਸੱਭੇ ਮੁਟਿਆਰਾਂ ਦੇ
ਜੱਗ ਉਤੇ ਮੇਲੇ ਸਦਾ ਰਹਿਣ ਲੱਗਦੇ
ਹੋਣ ਮੁਖੜੇ ਹੁਸੀਨ ਮੇਲੇ ਤਾਂ ਫੱਬਦੇ
ਪੱਬ ਕੁੜੀਆਂ ਨੇ ਮੇਲੇ ਵਿਚ ਧਰਿਆ
ਭੀੜ ਤੇ ਭੜੱਕਾ ਤੋਬਾ ਤੋਬਾ ਕਰਿਆ
ਵਿੱਚ ਮੇਲੇ ਆਈਆਂ ਦੂਰੋਂ ਦੂਰੋਂ ਸੂਰਤਾਂ
ਰੂਪ ਨੇ ਸੰਧੂਰੀ ਜਿਵੇਂ ਹੋਣ ਮੂਰਤਾਂ
ਅੱਖੀਂ ਡਿੱਠੇ ਮੇਲੇ ਨੂੰ ਮੈਂ ਤੱਕਿਆ
ਮੇਲੇ ਨੂੰ ਸੁਨੱਖੀਆਂ ਨੇ ਕੀਲੀ ਰੱਖਿਆ
ਮੁੜ ਪੱਤਝੜ ਪਿਛੋਂ ਜਿਵੇਂ ਆਉਂਦੀਆਂ ਬਹਾਰਾਂ
ਆਈਆਂ ਮੇਲੇ ਵਿਚ ਉਵੇਂ ਹੀ ਮੁਟਿਆਰਾਂ
ਮੇਲੇ ਵਿਚ ਆਈਆਂ ਨੇ "ਗੁਲਾਬ ਰੰਗੀਆਂ"
ਆਈਆਂ ਖੂਬ ਖੁਸ਼ਬੂਆਂ ਜਦੋਂ ਕੋਲੋਂ ਲੰਘੀਆਂ
"ਦਿਲਬਰ" ਮੇਰੀ ਮੇਲੇ ਵਿਚ ਆ ਗਈ
ਨਾਜ਼ੁਕ ਕਲਾਈਆਂ ਗਲਵੱਕੜੀ ਉਹ ਪਾ ਗਈ
"ਮੈਂ ਹਰਜਸ" ਮੇਲੇ ਦਾ ਦ੍ਰਿਸ਼ ਤੱਕਦਾ
ਨਹੀਂ ਮੇਲੇ ਆਈਆਂ ਮੁਟਿਆਰਾਂ ਵੇਖ ਥੱਕਦਾ

***

## ਦੋ ਬੂੰਦ ਲਹੂ ਬਣਕੇ

**ਮਨਜੀਤ ਸੋਹਲ**

ਅਸੀਂ ਤੇ
ਗੁੱਥਮ-ਗੁੱਥਾ ਹੋਏ ਹਾਂ
ਕਣਕ ਦੀਆਂ ਭਰੀਆਂ ਨਾਲ
ਤੇ ਪੈਰੀਂ ਖੁੱਭੀਆਂ ਛਿਲਤਾਂ ਨੂੰ ਰੰਗਿਆ ਹੈ
ਦੋ ਬੂੰਦ ਲਹੂ ਬਣਕੇ।

ਅਸੀਂ
ਟਿੱਬਿਆਂ ਦੀ ਕਣਕ ਹੁੱਲ ਜਾਣ ਤੇ
ਘਟੇ ਝਾੜ ਦਾ ਫ਼ਿਕਰ ਨਹੀਂ ਕੀਤਾ
ਤੇ ਬੋਹਲ 'ਚ ਘੁਸੜ ਕੇ

ਥਕੇਵਾਂ ਲਾਹਿਆ ਹੈ।

ਅਸੀਂ
ਝੱਖੜਾਂ ਉਡਾਈ ਤੂੜੀ ਦੀ ਧੜ ਤੇ
ਬਾਵਰੋਲਿਆਂ ਖਿਲਾਰੇ ਸੱਥਰਾਂ ਦੇ
ਅੰਗ-ਸੰਗ ਜੀਵੇ ਹਾਂ
ਤੇ ਝੱਗਿਆਂ 'ਚ ਵੜੇ ਕਸੀਰਾਂ ਦੀ
ਮਨਮਰਜ਼ੀ ਨੂੰ ਝੱਲਿਆ ਹੈ

ਅਸੀਂ
ਵਪਾਰੀ ਦੇ ਮਰਜ਼ੀ ਨਾ ਲਾਏ ਰੇਟ
ਤੇ ਪੁੱਤਾਂ ਵਾਂਗ ਪਾਲੀ ਫਸਲ ਕੌਡੀਓ ਖੋਟੀ ਹੋਣ ਦੇ
ਮੁੱਦਈ ਬਣੇ ਆਂ।

ਅਸੀਂ
ਬਿਜਲੀ  ਜਾਣ 'ਤੇ ਖੜ੍ਹ ਗਏ ਟਿਊਬਵੈੱਲ ਕਰਕੇ
ਨਾ ਪਹੁੰਚੇ ਨਿਕਾਲ ਦੇ ਅਫਸੋਸ 'ਚ
ਆਪਾ ਤੜਫਾਇਆ ਹੈ
ਅਸੀਂ ਚਾਰੇ ਦਾ ਆਖ਼ਿਰੀ ਕਿਆਰਾ ਮੁੱਕਣ ਤੇ
ਖੁਰਲੀ 'ਚ ਤੂੜੀ ਤੇ ਆਟਾ ਭੁੱਕ
ਮੱਝੀਆਂ ਨੂੰ ਵਰਾਇਆ ਹੈ

ਅਸੀਂ
ਬਜਾਰੇ ਨਾਲ ਬਣੇ ਬਿਜੜਿਆਂ ਦੇ ਘਰਾਂ ਨੂੰ
ਪਸ਼ੂਆਂ ਦੇ ਭੁੱਖੇ ਢਿੱਡਾਂ ਖਾਤਰ, ਨਾ ਚਾਹੁੰਦਿਆਂ ਵੀ
ਸਮੇਤ ਆਂਡਿਆਂ ਢਾਅ
ਅਪਰਾਧ ਕਮਾਇਆ ਹੈ
ਅਸੀਂ ਘੜੇ ਬੰਨਿਆ ਤੇ ਨਿੱਤ ਉੱਗ ਖੜਦੇ ਘਾਹ ਨਾਲ
ਦੁਸ਼ਮਣੀ ਪਾਈ ਹੈ

ਅਸੀਂ
ਬਰੋਟਿਆਂ ਨੂੰ ਸਿਆੜਾਂ 'ਚ ਕੇਰਦਿਆਂ
ਪੋਰੀਆਂ ਵਿਚਾਲੇ ਅੱਖਾਂ ਤੱਕ
ਮੂਏ ਬੰਨ੍ਹਦਿਆਂ ਪਿੰਡਾ ਪਛਿਆਉਣ ਦਾ



ਅਹਿਸਾਸ ਮਹਿਸੂਸ ਕਰਿਆ ਹੈ
ਤੇ ਤੱਤਾ ਗੁੜ ਚੇਤੇ ਕਰ
ਪੈਰਾ ਨਾਲ ਸਿਆੜ ਪੂਰਦੇ ਔਲ੍ਹ ਕੇ ਤੁਰੇ ਹਾਂ

ਅਸੀਂ
ਮਾਰੂ ਖੇਤਾਂ 'ਚ ਡੰਗਰ ਚਾਰਦਿਆਂ
ਪੂਰੀ ਚੁੱਭਦੇ ਭੱਖੜਿਆਂ ਨਾਂ
ਵਕਤ ਲੰਘਾਇਆ ਹੈ
ਤੇ ਪਜਾਮੇ ਨਾ ਚੁੰਬੜੇ ਲੀਂਝੜਿਆਂ ਨੂੰ
ਇੱਕ-ਇੱਕ ਕਰਕੇ ਚੁਗਿਆ ਹੈ

ਅਸੀਂ
ਧੀਆਂ ਪੁੱਤਾਂ ਦਿਆਂ ਚਾਵਾਂ ਨੂੰ
ਬੂਝੇ ਵੱਢਣ ਲਾਇਆ ਹੈ
ਤੇ ਚੜ੍ਹਦੇ ਸੂਰਜ ਦਾ ਡੁੱਬਣ ਤੱਕ
ਸਾਥ ਨਿਭਾਇਆ ਹੈ
ਅਸੀਂ ਤੇ ਗੁੱਥਮ-ਗੁੱਥਾ ਹੋਏ ਹਾਂ
ਕਣਕ ਦੀਆਂ ਭਰੀਆਂ ਨਾਲ
ਤੇ ਪੈਰੀਂ ਖੁੱਭੀਆਂ ਛਿਲਤਾਂ ਨੂੰ ਰੰਗਿਆ ਹੈ
ਦੋ ਬੂੰਦ ਲਹੂ ਬਣਕੇ।

9814042341

***

## ਅਣਜੰਮੀ ਧੀ ਕੀ ਪੁਕਾਰ

-ਗੁਰਵਿੰਦਰ ਸੈਣੀ



ਕਰਾਂ ਮਿੰਨਤਾਂ, ਮੇਰੀ ਸੁਣ ਲੈ ਪੁਕਾਰ ਅੰਮੀਏਂ।
ਮੈਨੂੰ ਕੁੱਖ ਵਿੱਚ ਦੇਈ ਨਾ ਤੂੰ ਮਾਰ ਅੰਮੀਏਂ।

ਖੌਰੇ ਕਿਵੇਂ ਤੇਰੀ ਹੋ ਗਈ, ਸੌੜੀ ਇਹ ਸੋਚ ਨੀ।
ਮੈਨੂੰ ਮਾਰਨ ਦੀ ਛੱਡ, ਸੁੱਖ ਮੇਰੀ ਲੋਚ ਨੀਂ।
ਤੇਰਾ ਜੀਵਨ ਆ ਕੇ ਦਿਆਂਗੀ, ਮੈਂ ਸਵਾਰ ਅੰਮੀਏਂ।
ਮੈਨੂੰ ਕੁੱਖ ਵਿੱਚ.............

ਧੀਆਂ ਹੁੰਦੀਆਂ ਨੇ ਰੱਬ ਦਾ ਵਰਦਾਨ ਅੰਮੀਏਂ।
ਧੀਆਂ ਸਦਕਾ ਹੀ ਕਾਇਮ ਇਹ ਜਹਾਨ ਅੰਮੀਏਂ।
ਧੀਆਂ ਹੁੰਦੀਆਂ ਹਰ ਵਿਹੜੇ ਦਾ, ਸ਼ਿੰਗਾਰ ਅੰਮੀਏਂ।

ਮੈਨੂੰ ਕੁੱਖ ਵਿੱਚ............

ਉੱਚੀ ਵਿੱਦਿਆ ਮੈਂ ਪਾਉਣੀ, ਤੇਰਾ ਨਾਮ ਚਮਕਾਉਣਾ।
ਕਰਨੀ ਖੂਬ ਮੈਂ ਪੜ੍ਹਾਈ , ਉੱਚਾ ਅਹੁਦਾ ਹੈ ਪਾਉਣਾ।
ਹਰ ਕੋਈ ਕਰੂ ਤੇਰਾ, ਸਤਿਕਾਰ ਅੰਮੀਏਂ।
ਮੈਨੂੰ ਕੁੱਖ ਵਿੱਚ............

ਘਰ ਦੀ ਰੌਣਕ ਬਣਾਂਗੀ, ਬਣੂੰ ਘਰ ਦਾ ਮਾਣ।
ਜਨਮ ਦੇਈ ਮੈਨੂੰ ਮਾਏਂ, ਦੇਖਾਂ ਸੋਹਣਾ ਇਹ ਜਹਾਨ।
ਖਿੜ ਜਾਣੀ ਤੇਰੀ ਵਿਹੜੇ 'ਚ ਬਹਾਰ ਅੰਮੀਏ
ਮੈਨੂੰ ਕੁੱਖ ਵਿੱਚ............

ਦੇਵੀ ਔਰਤ ਨੂੰ ਕਹਿਣ, ਕਹਿੰਦੇ ਜੱਗ ਜਨਨੀ ਸਾਰੇ।
ਬਾਝੋਂ ਔਰਤ ਦੇ ਸੁੰਨੇ, ਉੱਚੇ ਮਹਿਲ ਤੇ ਮੁਨਾਰੇ।
ਗੁਰੂ ਸਾਹਿਬਾਨ ਦਿੱਤਾ ਬਾਣੀ 'ਚ ਸਤਿਕਾਰ ਅੰਮੀਏਂ।
ਮੈਨੂੰ ਕੁੱਖ ਵਿੱਚ............

ਮਾਈ ਭਾਗੋ, ਰਾਣੀ ਝਾਂਸੀ ਹਨ ਇਤਿਹਾਸ ਦੀ ਸ਼ਾਨ।
ਕਲਪਨਾ ਚਾਵਲਾ, ਸੁਨੀਤਾ ਵਿਲੀਅਮ, ਦੇਸ਼ ਦਾ ਨੇ ਮਾਣ।
ਜ਼ਰਾ ਇਹਨਾਂ ਧੀਆਂ ਵੱਲ, ਝਾਤੀ ਮਾਰ ਅੰਮੀਏਂ।
ਮੈਨੂੰ ਕੁੱਖ ਵਿੱਚ............

ਰਿਸ਼ਤਾ ਮਾਂ-ਧੀ ਦਾ ਮਾਏਂ, ਹੁੰਦਾ ਨਿੱਘਾ ਤੇ ਪਕੇਰਾ।
ਦੁੱਖ-ਦਰਦ ਵੰਡਾਉਣ, ਕਰ ਲੈਣ ਲੰਮਾ ਜੇਰਾ।
ਹੌਲਾ ਰਲ-ਮਿਲ ਕਰਾਂਗੇ, ਦਿਲ ਦਾ ਭਾਰ ਅੰਮੀਏਂ।
ਮੈਨੂੰ ਕੁੱਖ ਵਿੱਚ............

ਪੁੱਤ-ਧੀ 'ਚ ਨਹੀਂਓ ਫਰਕ, ਬੱਸ ਸਮਝਣ ਦੀ ਗੱਲ।
ਆਖੇ ਸੱਚ "ਗੁਰਵਿੰਦਰ" ਹੋ ਜਾਣਾ ਸਭ ਹੱਲ।
ਛੱਡ ਸੋਚਾਂ ਸੁਣ ਮੇਰੀ ਤੂੰ ਪੁਕਾਰ ਅਮੀਏਂ।
ਮੈਨੂੰ ਕੁੱਖ ਵਿੱਚ............

299/3, ਫਰੈਂਡਜ਼ ਕਲੋਨੀ, ਸਾਹਮਣੇ ਡੀ.ਏ.ਵੀ. ਕਾਲਜ,
ਜਲੰਧਰ ਸ਼ਹਿਰ। ਮੋਬਾਇਲ - 94172-25239

***



## ਅਹਿਸਾਸ

**ਕਰਨਲ ਗੁਰਦੇਵ ਮੁਲਤਾਨੀ**



ਮਨ ਦਾ ਸ਼ੋਰ ਇਸ ਕਦਰ ਵੱਧ ਗਿਐ,
ਕੋਈ ਵੀ ਆਹਟ ਸੁਣਾਈ ਨਹੀਂ ਦੇਂਦੀ।
ਕਬੂਤਰ ਦੀ ਗੁਟਰ-ਗੂੰ, ਚਿੜੀਆਂ ਦਾ ਚਹਿਕਣਾ,
ਕਾਂ ਦੀ ਕੁਰਲਾਹਟ, ਸੁਣਾਈ ਨਹੀਂ ਦੇਂਦੀ।
ਖਿੜੇ ਫੁੱਲਾਂ ਦੀ ਰੌਣਕ, ਤਿਤਲੀਆਂ ਦਾ ਉਡਣਾਂ,
ਬਗੀਚੇ ਦੀ ਸੁੰਦਰਤਾ, ਦਿਖਾਈ ਨਹੀਂ ਦੇਂਦੀ।
ਤਿਤਲੀਆਂ ਖ਼ੂਬਸੂਰਤ ਹੁੰਦੀਆਂ ਨੇ ਇਹ ਭੁੱਲ ਹੀ ਗਏ ਹਾਂ,
ਪਰੀਆਂ ਦੀ ਕਹਾਣੀ ਕਿਧਰੇ ਸੁਣਾਈ ਨਹੀਂ ਦੇਂਦੀ।
ਚਿੜੀ ਹਾਲੇ ਵੀ ਚਹਿਕਦੀ ਹੈ, ਪਹੁ ਵੀ ਫੁੱਟਦੀ ਹੈ,
ਮੱਧਹੋਸ਼ ਇਨਸਾਨ ਨੂੰ ਸੁਣਾਈ ਤੇ ਦਿਖਾਈ ਨਹੀਂ ਦੇਂਦੀ।
ਸਭ ਕੁਝ ਜਾਣ ਕੇ ਵੀ ਸਭ ਅਨਜਾਣ ਹਨ,
ਦਿਲ ਦੀ ਧੜਕਣ ਸੁਣਾਈ ਨਹੀਂ ਦੇਂਦੀ।
'ਗੁਰਦੇਵ' ਕਿਵੇਂ ਜੀਆ ਜਾਏ ਐਸੇ ਮਾਹੌਲ ਵਿੱਚ,
ਜਿਥੇ ਲੋਕਾਂ ਨੂੰ ਲੋਕਾਈ ਦਿਖਾਈ ਨਹੀਂ ਦੇਂਦੀ।

139 ਸ਼ਾਂਤੀ ਵਿਹਾਰ, ਮਕਸੂਦਾਂ ਜਲੰਧਰ

***

# ਗ਼ਜ਼ਲ ਸੱਥ



ਛਣਕ ਲੈਣ ਦੇ ਵੰਗਾਂ ਨੂੰ ਲਾਹ ਲੈਣ ਦੇ ਚਾਅ,
ਬਣ ਜਾਣ ਦੇ ਪ੍ਰੀਤਮ ਦੀ ਸਧੱਰ ਦਾ ਹੁੰਗਾਰਾ।
ਲੰਘ ਆਉਣਾ ਚਾਨਣ ਤਾਂ ਮਾਰ ਕੇ ਝਾਤੀ,
ਕਿਸ ਦੀ ਔਕਾਤ ਹੈ, ਲਾ ਸਕੇ ਸੂਰਜ ਤੇ ਬੰਦਸ਼ਾਂ।
ਕਈ ਵਾਰ ਟਕਰਾ ਜਾਂਦੇ ਨੇ ਵਿਚਾਰਾਂ ਦੇ ਰਾਹੀ,
'ਤੇ ਹੋ ਜਾਂਦਾ ਹੈ ਪਿਆਰ ਵਰਗਾ ਖ਼ੂਬਸੂਰਤ ਹਾਦਸਾ।
ਸੁਚੱਜੇ ਮਾਲੀ ਦੇ ਹੱਥਾਂ ਦੀ ਕਰਾਮਾਤ ਹੈ ਸ਼ਾਇਦ,
ਕਿਸੇ ਬਾਗ਼ ਦੀ ਮੁਖ਼ਬਰੀ ਕਰ ਰਹੀ ਹੈ ਹਵਾ।
ਚੜ੍ਹਦੇ ਸੂਰਜ ਨੂੰ ਸਲਾਮੀ ਲਈ ਝੁਕ ਗਿਆ ਆਲਮ,
ਬਦਕਿਸਮਤ ਬੀਮਾਰ ਹੀ ਹੋਵੇਗਾ ਹੁਣ ਤੱਕ ਸੌਂ ਰਿਹਾ।
ਪੂਜਾ ਕੰਜਕਾਂ ਦੀ ਕਰਕੇ ਜੈ ਜੈਕਾਰ ਕਰ ਰਹੇ ਨੇ।
ਪੈਦਾ ਧੀ ਦਾ ਹੋਣਾ ਜਿੰਨਾਂ ਤੋਂ ਜਰਿਆ ਨਾ ਗਿਆ।

ਫ਼ਿਤਰਤ ਰੱਬ ਦੇ ਬੰਦੇ ਦੀ ਨਾ ਸਮਝ ਆਈ।
ਸੌਂਹ ਗੀਤਾ ਦੀ ਖਾ ਗਿਆ, ਝੂਠਾ ਗਵਾਹ ਬਣ ਗਿਆ।

**ਪੋਰਿੰਦਰ ਕੁਮਾਰ,**
9501000276

***



* ਦਿਲ ਵਿੱਚ ਤਿਰੇ ਜੇ ਤਾਂਘ ਹੈ, ਸੂਹੀ ਸਵੇਰ ਦੀ।
ਪਹਿਲਾਂ ਤੂੰ ਵੀਰ ਚੀਰ ਇਹ ਦਲਦਲ ਹਨੇਰ ਦੀ

* ਲੰਘਦੀ ਹੈ ਰੋਣ ਧੋਣ 'ਚ ਬੁਜ਼ਦਿਲ ਦੀ ਜ਼ਿੰਦਗੀ,
ਹੁੰਦੀ ਹਮੇਸ਼ ਜਗਤ 'ਚ ਸੋਭਾ ਦਲੇਰ ਦੀ!

* ਤੂੰ ਆਖ ਰੇਤ, ਰੇਤ ਨੂੰ ਸੋਨਾ ਨਾ ਆਖ ਤੂੰ
ਕਿੱਦਾਂ ਗੁਲਾਬ ਹੋ ਸਕੇ, ਟਾਹਣੀ ਕਨੇਰ ਦੀ?

* ਵੇਖਾਂ ਸਮਾਜ ਵਿੱਚ ਹੈ ਸ਼ੋਸ਼ਨ ਗਰੀਬ ਦਾ,
ਚੁੱਭਦੀ ਹੈ ਦਿਲ 'ਚ ਸੂਲ ਇਹ ਝਾਤੀ ਚੁਫੇਰ ਦੀ।

* ਮਿੱਤਰ, ਤਿਰਾ ਹੈ ਅਸਲ 'ਚ ਤੇਰਾ ਹੀ ਹੌਂਸਲਾ
ਮਿਲਦੀ ਨਾ ਏਸ ਬਾਝ ਹੈ, ਚੋਟੀ ਸੁਮੇਰ ਦੀ!

* ਖਿੜਦੇ ਚਮਨ 'ਚ ਪੁਸ਼ਪ ਤੇ ਆਉਂਦੀ ਬਹਾਰ ਹੈ,
ਮਿਹਨਤ ਚੁਫੇਰ ਆਪ ਹੈ ਮਹਿਕਾਂ ਖਿਲੇਰਦੀ।

* ਦੇਂਦਾ ਗ਼ਜ਼ਲ 'ਚ ਅਮਨ ਦਾ ਹੋਕਾ ਹੈ 'ਕੈਲਵੀ'
ਇਸਦੇ ਹੈ ਹਰਫ਼ ਹਰਫ 'ਚ ਲਾਲੀ ਉਸ਼ੇਰ ਦੀ।

* ਸਿਰਾਂ ਤੇ ਤਾਣ ਜੋ ਛਤਰੀ ਬਣੇ ਅਸਮਾਨ ਦੇ ਮਾਲਕ
ਕਿਸੇ ਦੀ ਸ਼ਾਨ ਰੋਲਣ ਜੇ, ਨਹੀਂ ਉਹ ਸ਼ਾਨ ਦੇ ਮਾਲਕ

* ਬਿਖ਼ਰ ਜਾਊ ਬਦਨ ਮੇਰਾ, ਤਿਰੇ ਬਾਝੋਂ ਮਿਰੇ ਦਿਲਬਰ!
ਸਮਾ ਜਾ, ਜਾਨ ਮੇਰੀ ਵਿੱਚ, ਮਿਰੀ ਇਸ ਜਾਨ ਦੇ ਮਾਲਕ!



* ਵਰ੍ਹਾ ਦੇ ਅਬਰ ਰਹਿਮਤ ਦਾ, ਮਿਟਾ ਦੇ ਕਾਇਰਤਾ ਮੇਰੀ
ਮੈਂ ਜੂਝਾਂ ਜ਼ਿੰਦਗੀ ਅੰਦਰ, ਮਿਰੇ ਘਮਸਾਨ ਦੇ ਮਾਲਕ!

* ਫਤਹਿ ਦੀ ਬਖ਼ਸ਼ਸ਼ ਕਰ ਮੈਨੂੰ ਨਿਤਾਣੇ ਤੇ ਨਿਮਾਣੇ ਨੂੰ
ਕਮੀ ਕੀ ਹੈ ਤਿਰੇ ਘਰ ਵਿੱਚ? ਅਜ਼ਲ ਤੋਂ ਦਾਨ ਦੇ ਮਾਲਕ

* ਵਹਾ ਕੇ ਖ਼ੂਨ ਆਪਣਾ ਮੈਂ ਬੁਝਾਵਾਂ ਜ਼ੁਲਮ ਦੀ ਅਗਨੀ
ਗ਼ਰਜ਼ ਦੀ ਗਰਦ ਧੋਵਾਂ ਮੈਂ ਅਦਲ ਤੇ ਆਨ ਦੇ ਮਾਲਕ

* ਆਜ਼ਾਦੀ, ਜ਼ਿੰਦੀ ਬਦਲੇ, ਮੈਂ ਆਪਣੀ ਜ਼ਿੰਦਗੀ ਵਾਰਾਂ
ਇਹ ਜੀਵਨ ਕੈਲਵੀ! ਦੀ ਹੈ! ਮਿਰੇ ਨਾਦਾਨ ਦੇ ਮਾਲਕ!

ਗ਼ਜ਼ਲ ਅੰਦਰ ਪਰੋਆਂ ਮੈਂ ਮੁਹੱਬਤ, ਮਹਿਕ ਦੇ ਮੋਤੀ
ਦਵੀਂ ਤੂੰ ਸ਼ਬਦ ਦੀ ਦੌਲਤ ਅਦਬ, ਵਰਦਾਨ ਦੇ ਮਾਲਕ!

**ਪ੍ਰੋ. ਜਸਵੰਤ ਸਿੰਘ ਕੈਲਵੀ**

***

ਲੱਗੀ ਦਿਲ ਦੀ ਨਿਭਾਈਦੀ, ਕੋਈ ਮੰਨੇ ਜਾਂ ਨਾ ਮੰਨੇ।
ਵਫ਼ਾ ਕਰਕੇ ਵਿਖਾਈਦੀ, ਕੋਈ ਮੰਨੇ ਜਾਂ ਨਾ ਮੰਨੇ।
ਇਹੀ ਕਿਰਦਾਰ ਹੈ ਸਾਡਾ, ਅਸਾਡਾ ਅਜ਼ਮ ਵੀ ਏ ਹੈ,
ਕਹੀ ਹਰ ਗੱਲ ਪੁਗਾਈਦੀ, ਕੋਈ ਮੰਨੇ ਜਾਂ ਨਾ ਮੰਨੇ।
ਝੁਕੀ ਹੈ ਜਦ ਕਦੇ ਗਰਦਨ, ਝੁਕੀ ਬੱਸ ਓਸ ਦੇ ਦਰ ਤੇ,
ਇਹ ਹਰ ਥਾਂ ਨਹੀਂ ਝੁਕਾਈਦੀ, ਕੋਈ ਮੰਨੇ ਜਾਂ ਨਾ ਮੰਨੇ।
"ਹੈ ਚੰਗਾ ਯਾਰ ਦਾ ਸੱਥਰ" ਇਹ ਗੱਲ ਜੋ ਪੁਰਖਿਆਂ ਆਖੀ,
ਨਾ ਭੁੱਲੀ ਨਾ ਭੁਲਾਈਦੀ, ਕੋਈ ਮੰਨੇ ਜਾਂ ਨਾ ਮੰਨੇ।
ਜ਼ੁਬਾਨੋਂ ਨਿਕਲਿਆ ਇਕ ਬੋਲ ਮਾੜਾ, ਇੰਜ ਵੱਢਦਾ ਹੈ,
ਛੁਰੀ ਜਿੱਦਾਂ ਕਸਾਈ ਦੀ, ਕੋਈ ਮੰਨੇ ਜਾਂ ਨਾ ਮੰਨੇ।
"ਜ਼ਮਾਨਾ ਬਹੁਤ ਹੈ ਭੈੜਾ" ਸਿਰਫ਼ ਕਹਿ ਕੇ ਨੀ ਸਰਨਾ,
ਹੈ ਪੁੱਟਣੀ ਜੜ੍ਹ ਬੁਰਾਈ ਦੀ, ਕੋਈ ਮੰਨੇ ਜਾਂ ਨਾ ਮੰਨੇ।
ਉਠੇ ਜਦ ਲਾਟ ਹਿਜਰਾਂ ਦੀ, ਉਦੋਂ ਆਪਣੇ 'ਗ਼ਮਾਨਾਂ ਦੀ,
ਅਹੂਤੀ ਆਪ ਪਾਈਦੀ, ਕੋਈ ਮੰਨੇ ਜਾਂ ਨਾ ਮੰਨੇ।

**ਬਲਬੀਰ ਸਿੰਘ ਸੈਣੀ**
103-ਸ਼ਰਮਾ ਸਟੋਰ, ਭਾਖੜਾ ਰੋਡ, ਨੰਬਰ - 140124
ਜ਼ਿਲ੍ਹਾ :ਰੋਪੜ (ਪੰਜਾਬ), 94646-47540

***

ਕਿੰਨਾ ਹੀ ਕੁਝ ਵਹਿ ਗਿਆ ਹੈ ਤੇਰੇ ਨਾਲ
ਕਚਰਾ ਕਚਰਾ ਰਹਿ ਗਿਆ ਹੈ ਮੇਰੇ ਨਾਲ
ਅਗਨ ਕਿਤਾਬ ਮੈਅਖ਼ਾਨਾ ਤੇ ਤੇਰੀ ਰਾਸ
ਤਿੰਨੋ ਮਠਿਆਈਆਂ ਨੇ ਬੁਣਿਆ ਮੇਰਾ ਜਾਲ
ਕਾਹਦੇ ਲਈ ਏਹ 'ਨਿੰਮ' ਘਰੇ ਤੂੰ ਬੀਜੀ ਹੈ
ਲੁੱਟ ਦੀ ਧਰਤੀ, ਪਾਲ ਸਫੈਦੇ, ਰੱਜ ਕੇ ਲਾਲ
ਆਲ-ਦੁਆਲੇ, ਏਧਰ-ਓਧਰ ਕੰਡੇ-ਝਾੜ
ਏਸ ਗੁਫ਼ਾ ਵਿੱਚ ਇਕਲਾਪੇ ਦਾ ਡੂੰਘਾ ਕਾਲ
ਧਰਤ ਏਸ ਤੇ ਸੱਤ ਸਮੁੰਦਰ ਵਹਿੰਦੇ ਨੇ
ਐਪਰ ਰੰਗਾਂ-ਰੂਹਾਂ ਵਿੱਚ ਨਾ ਕੋਈ ਤਾਲ
ਡੂੰਘੇ ਰਿਸ਼ਤੇ ਲੱਭਣੇ ਨੇ ਤਾਂ ਸਾਗਰ ਗਾਹ
ਕੰਢਿਆਂ ਉੱਤੇ ਖਿੱਲਰੇ ਨੇ ਤਾਂ ਮੋਤੀ ਭਾਲ
ਅੱਧਵਾਟੇ ਹੀ ਛੱਡ ਜਾਵੇਗੀ ਸੜਕ ਮਰੀ
ਮੰਜ਼ਿਲ ਤੱਕ ਨਹੀਂ ਨਿਭਦੀ ਇਸਦੀ ਦਿਸਦੀ ਚਾਲ
ਏਸ ਨਸਲ ਨੇ ਇਕ ਦਿਲ ਤੇ ਮਰ ਜਾਣਾ ਹੈ।
ਵਿਰਸੇ ਨੂੰ ਛੱਡ ਕਿੰਝ ਜੀਵੇਗੀ ਬਹੁਤੇ ਸਾਲ

**ਡਾ. ਸੁਰਜੀਤ ਖੁਰਮਾਂ**
**ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 95010-09823**

***

ਮੇਰੇ ਦਿਲ ਵਿਚ ਤੇਰਾ ਸਜਣਾ ਏਦਾਂ ਦਾ ਅਸਥਾਨ ਰਿਹਾ।
ਮੈਖ਼ਾਨੇ ਵਿਚ ਸਾਕੀ ਦਾ, ਜਿਉਂ ਮੰਦਿਰ ਵਿੱਚ ਭਗਵਾਨ ਰਿਹਾ,
ਘਰ ਆਪਣਾ ਬਿਖਰਨ ਨਾ ਦਿਓ, ਖੁਦਮੁਖਤਿਆਰੀ ਦੇ ਇਸ ਦੌਰ 'ਚ
ਇਸ ਵਿੱਚ ਫਿਰ ਇਹ ਨਾ ਸੋਚੋ, ਲਾਭ ਰਿਹਾ ਜਾਂ ਨੁਕਸਾਨ ਰਿਹਾ।
ਨੀਤੀ ਆਖਾਂ ਪ੍ਰੀਤੀ ਆਖਾਂ ਜਾਂ ਯਾਰੀ ਦਾ ਨਾਮ ਦਵਾਂ,
ਸੁਣਿਆ ਕਰੂਕਸ਼ੇਤਰ 'ਚ ਮਾਧਵ ਅਰਜੁਨ ਦਾ ਰਥਵਾਨ ਰਿਹਾ।
ਕੌਣ ਸਦਾ ਬੈਠਾ ਰਏਗਾ ਇਸ ਫਾਨੀ ਦੁਨੀਆਂ ਦੇ ਵਿਚ,
ਭਸਮਾਂ ਸੁਰ ਜਿਹੇ ਤੁਰ ਗਏ ਜਿਸ 'ਤੇ ਸ਼ੰਕਰ ਦਾ ਵਰਦਾਨ ਰਿਹਾ।
ਸੂਰਜ ਵਾਂਗੂੰ ਤਪਦੇ ਰਹਿਕੇ ਰੌਸ਼ਨ ਕਰਨਾ ਦੁਨੀਆਂ ਨੂੰ
ਸਾਡੇ ਵਰਗੇ ਲੋਕਾਂ ਦਾ ਬਸ ਇਕੋ ਇਕ ਅਰਮਾਨ ਰਿਹਾ।
ਸਭ ਨੂੰ ਦੇਣਾ ਤੇ ਦੇ ਕੇ ਭੁੱਲਣਾ ਸਿੱਖ ਲਾ ਤੂੰ ਰੁੱਖਾਂ ਤੋਂ,
ਦੇ ਕੇ ਜੇ ਜਿਤਲਾਣਾ ਏ ਤਾਂ ਫਿਰ ਕਾਹਦਾ ਅਹਿਸਾਨ ਰਿਹਾ।
ਦੋਵੇਂ ਹੱਥੀਂ ਜਿਸ ਨੂੰ ਲੁੱਟਿਆ ਹਰ ਆਪਣੇ ਬੇਗਾਨੇ ਨੇ,
ਉਸ 'ਤੇ ਫਿਰ ਇਹ ਤੁਹਮਤ ਹੈ ਕਿ ਬੰਦਾ ਉਹ ਬੇਈਮਾਨ ਰਿਹਾ।
ਮੁਰਦੇ ਨਾਲੋਂ ਬਦਤਰ ਸਮਝੋ ਉਸ ਬੰਦੇ ਦੇ ਜੀਵਨ ਨੂੰ,
ਗ਼ੈਰਾਂ ਵਿੱਚ ਨਾ ਦਹਿਸ਼ਤ ਜਿਸਦੀ ਆਪਣਿਆਂ ਵਿੱਚ ਨਾ ਮਾਨ ਰਿਹਾ,
ਦੇਵ ਕਹੋ ਨਾ ਦਾਨਵ ਨਾ ਹੀ ਕੋਈ ਪੀਰ-ਫ਼ਕੀਰ ਕਹੋ,
ਪਰ ਜ਼ਿਕਰ ਚਲੇ ਜਦ ਪੰਕਜ ਦਾ ਲੋਕ ਕਹਿਣ ਇਨਸਾਨ ਰਿਹਾ।

**ਅਸ਼ੋਕ ਪੰਕਜ**
**100/1, ਰੁਲੀਆ ਰਾਮ ਕਲੋਨੀ, ਗੁਰਦਾਸਪੁਰ**
**ਮੋ : 9899377925**

***



ਕਾਤਲ ਨੂੰ ਜਦੋਂ ਪੁਲਿਸ ਦੀ ਤਾਉਣੀਂ ਪਇੰਦੀ ਹੈ।
ਦੱਬੀ ਲਾਸ਼ ਵੀ ਪੁੱਟ ਲਿਆਉਣੀ ਪਇੰਦੀ ਹੈ।
ਇਸ ਦੁਨੀਆਂ ਤੇ ਮੰਜ ਘਰ ਦੇ ਮਾਲਕ ਨੂੰ,
ਵਿੱਚ ਬਢੇਪੇ ਦਰਾਂ 'ਚ ਡਾਉਣੀ ਪਇੰਦੀ ਹੈ।
ਹੱਕ ਲੈਣ ਲਈ ਆਪਣਾ ਹੁਣ ਸਰਕਾਰਾਂ ਤੋਂ,
ਪ੍ਰਸਾਸ਼ਨ ਕੋਲੋਂ ਧਾਉਣ ਭਣਾਉਣੀ ਪਇੰਦੀ ਹੈ।
ਇੱਕ ਮਿਕ ਹੋ ਕੇ ਸਾਰੀ ਜ਼ਿੰਦਗੀ ਜੀਣ ਲਈ,
ਸਾਥੀ ਦੇ ਨਾਲ ਸੋਚ ਰਲਾਉਣੀ ਪਇੰਦੀ ਹੈ।
ਫੇਰ ਸੁਧਾਰਿਆ ਜਾਏ ਬਿਗਾਨੇ ਪੁੱਤਰ ਨੂੰ,
ਪਇੰਲਾਂ ਆਪਣੀ ਧੀ ਸਮਝਾਉਣੀ ਪਇੰਦੀ ਹੈ।
ਮਰਕੇ ਵੀ ਜੇ ਜੀਣਾ ਚਾਹੁੰਦੇ ਹੋ ਯਾਰੋ,
ਦੇਸ਼ ਕੌਮ ਤੋਂ ਜਾਨ ਲਟਾਉਣੀ ਪਇੰਦੀ ਹੈ।
ਦਿਲ ਲਾਵਣ ਤੋਂ ਪਇੰਲਾਂ ਪੰਨੂੰ ਸੋਚ ਲਈਂ,
ਉਮਰਾਂ ਤੀਕ ਪੀੜ ਹੰਢਾਉਣੀ ਪਇੰਦੀ ਹੈ।

**ਬਲਵਿੰਦਰ ਪੰਨੂੰ**
**ਮੋਬਾ : 08809501278**

***

ਕਿਵੇਂ ਜੀਵਨ ਗੁਜ਼ਾਰਾਂ ਮੈਂ, ਤੇਰੇ ਬਾਝੋਂ ਮੇਰੇ ਚੰਨਾ।
ਭਲਾ ਕਿਸ ਨੂੰ ਪੁਕਾਰਾਂ ਮੈਂ, ਤੇਰੇ ਬਾਝੋਂ ਮੇਰੇ ਚੰਨਾ।
ਤੇਰੀ ਇਕ ਯਾਦ ਦੇ ਸਦਕਾ, ਉਜਾੜਾਂ ਤੇ ਵੀਰਾਨਾਂ ਵਿਚ,
ਸਦਾ ਤੱਕੀਆਂ ਬਹਾਰਾਂ ਮੈਂ, ਤੇਰੇ ਬਾਝੋਂ ਮੇਰੇ ਚੰਨਾ।
ਕਿਤੇ ਤਾਅਨੇ ਸ਼ਰੀਕਾਂ ਦੇ, ਸਿਤਮ ਕਿਧਰੇ ਜਮਾਨੇ ਦੇ,
ਨਾ ਪੁੱਛ ਕਿੱਦਾਂ ਸਹਾਰਾਂ ਮੈਂ, ਤੇਰੇ ਬਾਝੋਂ ਮੇਰੇ ਚੰਨਾ।
ਭਰੇ ਜਦ ਸਿਸਕੀਆਂ ਕੋਈ, ਵਹੇ ਜਦ ਦਰਦ ਨੈਣਾਂ 'ਚੋਂ,
ਇਹ ਦੁੱਖ ਉਸਦੇ ਨਿਵਾਰੇ ਮੈਂ, ਤੇਰੇ ਬਾਝੋਂ ਮੇਰੇ ਚੰਨਾ।
ਇਹ ਮੇਲੇ ਮਜਲਿਸਾਂ ਸੱਭੇ, ਭੁਲਾਵੇਂ ਰੰਗ ਦੁਨੀਆਂ ਦੇ,

ਪਲਾਂ ਵਿਚ ਹੀ ਨਕਾਰਾਂ ਮੈਂ, ਤੇਰੇ ਬਾਝੋਂ ਮੇਰੇ ਚੰਨਾ।
ਬਣਾਇਆ ਮਹਲ ਆਸਾਂ ਦਾ, ਜ਼ੁਲਮ ਹਰ ਬਾਰ ਢਾਹ ਦਿੰਦਾ,
ਕਿਵੇਂ ਮੁੜ-ਮੁੜ ਉਸਾਰਾਂ ਮੈਂ, ਤੇਰੇ ਬਾਝੋਂ ਮੇਰੇ ਚੰਨਾ।
ਜਦੋਂ ਸਭ ਕਿਰਤ ਵਿੱਚ ਰੁੱਝੇ, ਮੇਰੇ ਦਿਲ ਨੂੰ ਨਾ ਕੁਝ ਸੁੱਝੇ,
ਸਿਰਫ਼ ਗ਼ਜ਼ਲਾਂ ਉਚਾਰਾਂ ਮੈਂ, ਤੇਰੇ ਬਾਝੋਂ ਮੇਰੇ ਚੰਨਾ।
ਤੇਰੇ ਬਿਰਹਾ ਨੇ ਵੀ ਮੈਨੂੰ, ਸਿਖਾਈ ਜਾਚ ਜੀਵਨ ਦੀ,
"ਰੁਪਾਲ" ਇਸ ਤਾਈਂ ਪਿਆਰਾਂ ਮੈਂ, ਤੇਰੇ ਬਾਝੋਂ ਮੇਰੇ ਚੰਨਾ।

**ਜਸਵਿੰਦਰ ਸਿੰਘ 'ਰੁਪਾਲ'**
**162, ਗਲੀ ਨੰਬਰ 3, ਸ਼ਹੀਦ ਜਗਦੇਵ ਸਿੰਘ ਨਗਰ**
**ਡਾ. ਗੁਰੂ ਨਾਨਕ ਇੰਜੀ. ਕਾਲਜ, ਲੁਧਿਆਣਾ- 141006, ਮੋਬਾ.**
**9814715796**

***

ਵਜਨ= ਸੱਤ ਗੁਰੂ
ਯਾਨੀ ..........




ਦਿਲ ਹੀ ਦਿਲ ਫਰਿਆਦ ਕਰਾਂ।
ਹਰ ਸਾਹ ਉਸ ਨੂੰ ਯਾਦ ਕਰਾਂ।
ਹਰ ਇਕ ਲੋੜਵੰਦ ਦੀ ਮੈਂ,
ਫਰਜ਼ ਸਮਝ ਇਮਦਾਦ ਕਰਾਂ।
ਹਰ ਪਲ ਮਨ ਵਿੱਚ ਰਹਿੰਦੀ ਸੋਚ,
ਸਜਰਾ ਕੁਝ ਈਜਾਦ ਕਰਾਂ।
ਕਦੇ ਨਾ ਭੁੱਲੇ ਉਸ ਦੀ ਯਾਦ,
ਜਿਸ ਨੂੰ ਹਰ ਪਲ ਯਾਦ ਕਰਾਂ।
ਤੇਰੀ ਆਖੀ ਗੱਲ ਨੂੰ ਸੋਚ,
ਕਿਉਂ ਦਿਲ ਨੂੰ ਨਾਸ਼ਾਦ ਕਰਾਂ?
ਆਪਣੀ ਧੁਨ ਵਿੱਚ ਤੁਰੀ ਹਾਂ ਮੈਂ,
ਕਿਸੇ 'ਤੇ ਕਿਉਂ ਇਤਮਾਦ ਕਰਾਂ।
ਨਿੰਦਾ, ਚੁਗਲੀ ਕਰ-ਸੁਣ ਕੇ,
ਵਕਤ ਮੈਂ ਕਿਉਂ ਬਰਬਾਦ ਕਰਾਂ?
'ਚੱਠਾ' ਸੇਧ ਗ਼ਜ਼ਲ ਸਿਖਾਈ ਜਿਸ,
ਨਿੱਤ ਉਸ ਦਾ ਧੰਨਵਾਦ ਕਰਾਂ।

**ਕੁਲਦੀਪ ਕੌਰ ਚੱਠਾ**

***





ਬਹਿਰ-ਰਮਲ ਮਸੱਦਸ ਮਹਿਜ਼ੂਫ
ਵਜ਼ਨ-ਫਾਇਲਾਤੁਨ+ਫਾਇਲਾਤੁਨ+ਫਾਇਲੁਨ
ਕੀ ਪਤਾ ਦਿਨ ਕਦ ਚੜ੍ਹੇ ਤੇ ਕਦ ਢਲੇ।
ਉਮਰ ਭਰ ਹੀ ਜੋ ਸਲਾਖਾਂ ਵਿਚ ਪਲੇ।
ਕਿਉਂ ਗ਼ਜ਼ਲ ਨੂੰ ਕਰਦਾ ਸ਼ਰਮਿੰਦਾ ਭਲਾ,
ਸ਼ਿਅਰ ਲਿਖ ਲਿਖਕੇ ਤੂੰ ਐਵੇਂ ਪੇਤਲੇ।
ਆਪੇ ਫੁਰ ਪੈਂਦੀ ਗ਼ਜ਼ਲ ਜਾਂ ਨਜ਼ਮ ਫਿਰ,
ਸੋਚ ਵਿੱਚ ਜਦ ਜਦ ਵੀ ਉੱਠਣ ਵਲਵਲੇ।
ਸੱਚ ਕਹਿ ਦੇਣਾ ਕਿਤੇ ਸੌਖਾ ਪਿਐ,
ਸੱਚ ਕਹਿਣੇ ਵਕਤ ਤਾਂ ਜੀਭਾ ਜਲੇ।
ਕਿੰਝ ਸਾਜਿਸ਼ ਤੋਂ ਕੁਈ ਬਚ ਪਾਏਗਾ,
ਜਦ ਭਰਾ ਹੀ ਕਾਤਿਲਾਂ ਵਿਚ ਨੇ ਰਲੇ।
ਦਰਿਆ ਵਿਚ ਤੂਫਾਂ ਤੇ ਮਾਂਝੀ ਬੇਖ਼ਬਰ,
ਹਾਦਸਾ ਹੋਣੋ ਕਿਵੇਂ ਦੱਸੋ ਟਲੇ।
ਦੋਸਤਾਂ ਦੀ ਬੇਰੁਖੀ ਤੇ ਰੋ ਪਿਆ,
ਲੱਗਿਆ ਦੁਸ਼ਮਣ ਜਦੋਂ ਮੇਰੇ ਗਲ਼ੇ।
ਨਿੱਕੀ ਜੇਹੀ ਚੰਦਰੀ ਇਸ ਜੀਭ ਨੇ,
ਰਿਸ਼ਤਿਆਂ ਵਿਚ ਕਿੰਨੇ ਪਾਏ ਫਾਸਲੇ।
ਕੰਬਦੇ ਪਰਬਤ, ਸਮੁੰਦਰ ਵੀ ਉਦੋਂ
ਰੋਹ ਵਿਚ ਜਦ ਚਲਦੇ ਨੇ ਕਾਫ਼ਲੇ।

**ਨੌਂਬੀ ਸੋਹਲ**
**ਪਿੰਡ ਤੇ ਡਾਕਘਰ-ਰਾਮਪੁਰ, ਲੁਧਿਆਣਾ** (141418), 95016-60416

***

ਆਪੇ ਹੀ ਬਦਲਿਆ ਹੈ ਅਜ ਰੁਖ਼ ਪਾਣੀਆਂ ਨੇ
ਆਪੇ ਹੀ ਹੱਲ ਹੋਈਆਂ ਰੀਝਾਂ ਪੁਰਾਣੀਆਂ ਨੇ
ਬੀਤੇ ਸਮੇਂ ਦੀ ਗਾਥਾ ਇਤਿਹਾਸ ਕੀ ਰਿਹੈ ਜੋ
ਸਾਡੇ ਹੀ ਨਾਲ ਬੀਤੀਆਂ ਹੋਈਆਂ ਕਹਾਣੀਆਂ ਨੇ
ਦੁੱਖ-ਸੁੱਖ ਰਹੇ ਨੇ ਆਉਂਦੇ ਇਸ ਜ਼ਿੰਦਗੀ 'ਚ ਅਕਸਰ
ਆਈਆਂ ਨੇ ਮੁਸ਼ਕਿਲਾਂ ਵੀ ਮੌਜਾਂ ਵੀ ਮਾਣੀਆਂ ਨੇ
ਪੰਡਤ ਦੀ ਕਥਾ ਸੁਣਕੇ ਇਕ ਸਿਰ ਫਿਰੇ ਨੇ ਆਖਿਆ
ਹੈ ਘਾਟ ਬੱਸ ਅਮਲ ਦੀ ਗੱਲਾਂ ਸਿਆਣੀਆਂ ਨੇ
ਚੜ੍ਹਕੇ ਚਰੱਖੜੀਆਂ ਤੇ, ਤੇ ਸੂਲੀਆਂ ਨੂੰ ਚੁੰਮਕੇ
ਇਸ ਇਸ਼ਕ ਦੀਆਂ ਰਮਜ਼ਾਂ ਆਸ਼ਕ ਨੇ ਜਾਣੀਆਂ ਨੇ

**ਜਗੀਰ ਸੱਧਰ**, 98881-79758

ਦੀਵੇ ਬਨੇਰਿਆਂ 'ਤੇ ਜਗਾਉਗੇ ਕਦ ਤਕ।
ਹਨੇਰਾ ਅੰਦਰ ਦਾ ਝੁਠਲਾਉਗੇ ਕਦ ਤਕ।



ਮਿਲਦੇ ਨੇ ਆਪਣੇ ਵੀ ਜਦ ਗੈਰਾਂ ਦੇ ਵਾਂਗ,
ਗੈਰਾਂ ਨੂੰ ਅਪਣੇ ਨਾ ਬਣਾਉਗੇ ਕਦ ਤਕ।

ਆਉ ਵਿਛਾ ਬੈਠੀਏ ਸਾਂਝਾਂ ਦੀ ਚਾਦਰ,
ਅਪਣੀ ਅਪਣੀ ਡਫਲੀ ਵਜਾਉਗੇ ਕਦ ਤਕ।
ਮੰਗਦੇ ਰਹੇ ਹੋ ਦੁਆ ਹੱਥ ਉਠਾ ਕੇ ਤੁਸੀਂ,
ਹੱਥਾਂ ਨਾਲ ਹੱਥ ਨਾ ਮਿਲਾਉਗੇ ਕਦ ਤਕ।

ਰਸਾਇਣ ਦਾ ਅਸਰ ਰਿਹਾ ਕਦੋਂ ਹਮੇਸ਼ਾ ਤੀਕਰ,
ਸਹਾਰੇ ਇਸਦੇ ਭੋਇੰ ਨੂੰ ਅਜ਼ਮਾਉਗੇ ਕਦ ਤੱਕ


**ਡਾ. ਮੋਹਨ**
**67 ਚੇਤਨਾ ਨਿਵਾਸ, ਗੁਰੂ ਨਾਨਕ ਐਵੀਨਿਊ, ਅੰਮ੍ਰਿਤਸਰ**
ਮੋ. 94637-28153


***

ਤੁਸਾਂ ਇਲਜ਼ਾਮ ਲਾਏ ਨੇ
ਅਸੀਂ ਪਾਣੀ ਚੁਰਾਏ ਨੇ
ਅਜੇ ਵੀ ਪਿਆਸੀਐਂ ਨਦੀਆਂ
ਅਜੇ ਵੀ ਥਲ ਤਿਹਾਏ ਨੇ
ਨਾ ਮੰਗੋ ਵਰਮੀਆਂ ਦੀ ਖ਼ੈਰ
ਇਨ੍ਹਾਂ ਹੀ ਨਾਗ ਜਾਏ ਨੇ
ਲਹੂ ਬਦਰੰਗ ਕੀਤੇ ਹਨ
ਉਹ ਜਦ ਰੰਗਾਂ 'ਚ ਆਏ ਨੇ
ਉਹ ਗਲ਼ ਘੁੱਟਣ ਨੂੰ ਜਦ ਆਏ
ਅਸੀਂ ਗਲ਼ ਨਾਲ ਲਾਏ ਨੇ
ਅਸੀਂ ਸੁਰ ਬਾਂਸੁਰੀ ਕੀਤੀ
ਤੁਸੀਂ ਨਗ਼ਮੇ ਚੁਰਾਏ ਨੇ
ਸ਼ੁਰੂ ਕਰ ਪੰਧ ਸਾਹਾਂ ਦਾ
ਅਸਾਂ ਨੇ ਸਾਹ ਵਿਛਾਏ ਨੇ
ਸਿਰਾਂ ਨੂੰ ਜੋੜ ਗਏ ਉਹ ਹੀ
ਜਿਨ੍ਹਾਂ ਨੇ ਸਿਰ ਕਟਾਏ ਨੇ
ਜਿਨ੍ਹਾਂ ਨੇ ਦੂਰ ਤਕ ਉਡਣੈ
ਕਦੋਂ ਉਹ ਡਗਮਗਾਏ ਨੇ






ਬਗ਼ਾਵਤ ਕੀਤੀ ਜਦ ਹੀਰਾਂ
ਤਾਂ ਵਾਰਸ ਤਿਲਮਿਲਾਏ ਨੇ ਘਰਾਂ ਵਾਲੇ ਘਰੀਂ ਲੁਕ ਗਏ
ਬੇ-ਘਰਿਆਂ ਘਰ ਬਚਾਏ ਨੇ
ਤੁਸਾਂ ਚਾਨਣ ਬਚਾਉਣਾ ਹੈ
ਅਸਾਂ ਦੀਪਕ ਜਲਾਏ ਨੇ
ਕਹਾਉਂਦੇ ਫਿਰ ਵੀ 'ਪਰਦੇਸੀ'
ਵਤਨ ਉਹ ਜਦ ਵੀ ਆਏ ਨੇ।


**ਰਾਜਿੰਦਰ ਪਰਦੇਸੀ**
**35-ਬੀ 168 ਦਸਮੇਸ਼ ਨਗਰ, ਡਾ. ਦਕੋਹਾ, ਜਲੰਧਰ**
**ਮੋਬਾਇਲ** : 93576-41552
**email : rajinder,pardesi7@gmail.com**


***

# ਗੀਤ ਪਟਾਰੀ



ਰੁੱਖਾਂ ਨਾਲ ਬੰਦੇ ਦਾ ਬਣਿਆ ਮੁੱਢੋਂ ਭਾਈਚਾਰਾ
ਰੁੱਖ ਬੰਦੇ ਦਾ ਬਣਦੇ ਆਏ ਧੁਰ ਤੋਂ ਇੱਕ ਸਹਾਰਾ
ਸਾਉਣ ਮਹੀਨੇ ਪਿੱਪਲਾਂ ਉੱਤੇ ਪੀਘਾਂ ਪਾਉਣ ਮੁਟਿਆਰਾਂ।
ਪਿਪਲਾਂ ਹੇਠਾਂ ਗਿੱਧੇ ਪਾਉਣ ਰਲ ਕੇ ਸਭ ਹੀ ਨਾਰਾਂ।
ਸਾਉਣ ਮਹੀਨੇ ਮੇਲਾ ਲੱਗ ਜੇ ਪਿਪਲਾਂ ਹੇਠਾਂ ਭਾਰਾ।
ਰੁੱਖ ਬੰਦੇ ਦਾ ਬਣਦੇ ਆਏ, ਧੁਰ ਤੋਂ ਇੱਕ ਸਹਾਰਾ।
ਰੁੱਖਾਂ ਨਾਲ ਬੰਦੇ ਦਾ ਬਣਿਆ ਮੁੱਢੋਂ ਭਾਈਚਾਰਾ।
ਰੁੱਖਾਂ ਦੀ ਲੱਕੜੀ ਤੋਂ ਲੋਕੀ ਆਪਣੇ ਘਰ ਬਣਾਉਂਦੇ।
ਕੜੀਆਂ ਬਾਲੇ ਚੀਰ ਚੀਰ ਕੇ ਛੱਤ ਦੇ ਉੱਤੇ ਪਾਉਂਦੇ
ਮੀਂਹ ਧੁੱਪ ਤੋਂ ਬਚ ਕੇ ਲੋਕੀ ਘਰ ਵਿੱਚ ਕਰਨ ਗੁਜ਼ਾਰਾ।
ਰੁੱਖ ਬੰਦੇ ਦਾ ਬਣਦੇ ਆਏ ਧੁਰ ਤੋਂ ਇਕ ਸਹਾਰਾ।
ਰੁੱਖਾਂ ਨਾਲ ਬੰਦੇ ਦਾ ਬਣਿਆ ਮੁੱਢੋਂ ਭਾਈਚਾਰਾ।
ਵਾਤਾਵਰਨ ਨੂੰ ਸਾਫ ਇਹ ਕਰਦੇ ਦਿੰਦੇ ਠੰਡੀਆਂ ਛਾਵਾਂ।
ਰੁੱਖ ਸਾਰੇ ਮਾਂ-ਬਾਪੂ ਵਾਂਗੂ ਲੱਗਦੇ ਵਾਂਗ ਭਰਾਵਾਂ।
ਨਾ ਚਲਾਇਓ ਰੁੱਖ ਕੱਟਣ ਨੂੰ ਇਨ੍ਹਾਂ ਉੱਤੇ ਆਰਾ।
ਰੁੱਖਾਂ ਨਾਲ ਬੰਦੇ ਦਾ ਬਣਿਾ ਧੁਰ ਤੋਂ ਭਾਈਚਾਰਾ।
ਰੁੱਖ ਬੰਦੇ ਦਾ ਬਣਦੇ ਆਏ ਮੁੱਢੋਂ ਇਕ ਸਹਾਰਾ।
ਵਾਤਾਵਰਣ ਨੂੰ ਸਾਫ ਏ ਰੱਖਣਾ ਬਹੁਤੇ ਰੁੱਖ ਲਗਾਓ।

ਫਲ ਵਾਲੇ ਬੂਟਿਆਂ ਨੂੰ ਲਾ ਕੇ ਮਿੱਠੇ ਫਲ ਵੀ ਖਾਓ।
ਭਾਂਤ-ਭਾਂਤ ਦੇ ਫਲ ਖਾਕੇ ਲੋਕੋ ਲੈ ਲੋ ਖੂਬ ਨਜ਼ਾਰਾ।
ਰੁੱਖਾਂ ਨਾਲ ਬੰਦੇ ਦਾ ਰਾਹੀ ਧੁਰ ਤੋਂ ਭਾਈਚਾਰਾ।
ਰੁੱਖ ਬੰਦੇ ਦਾ ਬਣਦੇ ਆਏ ਮੁੱਢੋਂ ਇਕ ਸਹਾਰਾ।

**ਅਜੀਤ ਸਿੰਘ ਰਾਹੀ**
**ਮਕਾਨ ਨੰ. 12 ਗਲੀ ਨੰ. 1, ਗੁਰਮਤ ਕਲੋਨੀ ਸੂਲਰ ਚੌਂਕ, ਪਟਿਆਲਾ**
98729-31704

***




ਆ ਘੇਰਨ ਜਦ ਤੇਰੀਆਂ ਯਾਦਾਂ
ਅੱਖਾਂ ਅੱਖਾਂ ਵਿੱਚ ਲੰਘਦੀਆਂ ਰਾਤਾਂ
ਲੱਗਣ ਔਖੀਆਂ ਘੜੀਆਂ, ਰਾਤਾਂ ਲੰਬੀਆਂ ਨੇ,
ਆ ਕੇ ਵੇਖ ਤੂੰ ਸੱਜਣਾ ਕੀ ਕੀ ਤੰਗੀਆਂ ਨੇ
ਲੱਗੇ ਨਾਂ ਕੁਝ ਸਾਡੇ ਪੱਲੇ
ਲੰਘੇ ਜ਼ਿੰਦਗੀ ਦੁੱਖਾਂ ਥੱਲੇ,
ਲੱਗੇ ਨਾ ਕੁੱਝ ਚੰਗਾ, ਸੋਚਾਂ ਰੰਗ ਬਰੰਗੀਆਂ ਨੇ,
ਆ ਕੇ ਵੇਖ ਤੂੰ ਸੱਜਣਾ ਕੀ ਕੀ ਤੰਗੀਆਂ ਨੇ
ਖੁਸ਼ੀਆਂ ਜਿਵੇਂ ਪਰ ਲਾ ਉਡੀਆਂ
ਸੱਧਰਾਂ ਆਸਾਂ ਵਾਲੀਆਂ ਬੁੱਝੀਆਂ
ਪੀੜਾਂ ਦੇ ਅਸੀਂ ਰਾਹੀ, ਵਾਟਾਂ ਲੰਬੀਆਂ ਨੇ
ਆ ਕੇ ਵੇਖ ਤੂੰ ਸੱਜਣਾਂ ਕੀ ਕੀ ਤੰਗੀਆਂ ਨੇ
ਹੁਣ ਤੇ ਅੱਖਾਂ ਮੀਟ ਰਹੇ ਹਾਂ
ਬੱਬਲੇ ਲਿਖ ਇੱਕ ਗੀਤ ਰਹੇ ਹਾਂ,
ਲੱਗਣ ਸਾਹ ਹੁਣ ਔਖੇ ਮੌਤਾਂ ਮੰਗੀਆਂ ਨੇ
ਆ ਕੇ ਵੇਖ ਨੂੰ ਸਜਣਾ ਕੀ ਕੀ ਤੰਗੀਆਂ ਨੇ

**ਬਬਲਾ ਬੇਗੋਵਾਲ**
**ਪਿੰਡ ਤੇ ਡਾ. ਬੇਗੋਵਾਲ, (ਕਪੂਰਥਲਾ)-144621**

***

ਸੁਣ ਭਗਤ ਸਿਆਂ ਸਰਦਾਰਾ, ਤੈਨੂੰ ਚੰਨ ਕਹਾਂ ਕਿ ਤਾਰਾ,
ਟੁੱਟ ਕੇ ਅੱਧ ਅਸਮਾਨੋਂ ਸਾਰਾ ਜੱਗ ਰੁਸ਼ਨਾ ਦਿੱਤਾ,
ਤੈਂ ਐਸੀ ਮੌਤ ਵਿਹਾਜੀ ਸੁੱਤਾ ਦੇਸ਼ ਜਗਾ ਦਿੱਤਾ,
ਛੋਟੀ ਉਮਰੇ ਖੇਤਾਂ ਵਿੱਚ ਬੰਦੂਕਾਂ ਬੀਜ ਤੀਆਂ,
ਤੈਨੂੰ ਜੇਲ੍ਹਾਂ ਜਿਉਂ ਕੁੜੀਆਂ ਨੂੰ ਤੀਆਂ ਤੀਜ ਦੀਅੰ,
ਸਣੇ ਜਵਾਨੀ ਬਚਪਨ ਦੇਸ਼ ਤੋਂ ਘੋਲ ਘੁਮਾ ਦਿੱਤਾ,
ਤੈਂ ਐਸੀ ਮੌਤ ਵਿਹਾਜੀ...





ਨਿ ਤਾਂ ਤੇਰੇ ਅਜੇ ਸੀ ਯਾਰਾ ਖੇਡਣ ਮੱਲਣ ਦੇ,
ਸੋਚ ਤੇਰੀ ਨੇ ਰਾਹ ਚੁਣ ਲਏ ਖਾਰਾਂ 'ਤੇ ਚੱਲਣ ਦੇ,
ਭੈ ਮੁਕਤ ਹੋ ਇਨਕਲਾਬ ਦਾ ਨਾਹਰਾ ਲਾ ਦਿੱਤਾ,
ਤੈਂ ਐਸੀ ਮੌਤ ਵਿਹਾਜੀ...
ਦੇਸ਼ ਦੀ ਖਾਤਰ ਵਿਚ ਜਾਣਿਆਂ ਜਿੰਦ ਲਾਸਾਨੀ ਨੂੰ,
ਭੁੱਲ ਨਹੀਂ ਸਕਦਾ ਭਾਰਤ ਤੇਰੀ ਇਸ ਕੁਰਬਾਨੀ ਨੂੰ,
ਤੇਲ ਲਹੂ ਦਾ ਆਜ਼ਾਦੀ ਦੀ ਸ਼ਮ੍ਹਾਂ 'ਚ ਪਾ ਦਿੱਤਾ,
ਤੈਂ ਐਸੀ ਮੌਤ ਵਿਹਾਜੀ....
ਰਾਜਗੁਰੂ, ਸੁਖਦੇਵ ਤੇਰੀਆਂ ਬਾਹਵਾਂ ਬਣ ਗਈਆਂ,
ਜਬਰ ਜ਼ੁਲਮ ਦੇ ਸਾਹਵੇਂ ਜਿਹੜੀਆਂ ਹੱਸ ਕੇ ਤਣ ਗਈਆਂ,
ਸੁੱਟ ਕੇ ਬੰਬ ਗੋਰੇ ਨੂੰ ਘਰ ਦਾ ਰਾਹ ਦਿਖਲਾ ਦਿੱਤਾ,
ਤੈਂ ਐਸੀ ਮੌਤ ਵਿਹਾਜੀ...
ਕਿੰਨੀ ਵਫਾਦਾਤਰ ਸੀ ਲਾੜੀ ਮੌਤ ਮੋਹਣਿਆਂ ਓਏ,
ਮਾਰ ਕੇ ਵੀ ਜੋ ਤੈਨੂੰ ਜਿੰਦਾ ਕਰ ਗਈ ਸੋਹਣਿਆਂ ਓਏ,
'ਬਰਿਆਰਾ' ਤੈਨੂੰ ਹਰ ਦਿਲ ਦਾ ਉਸ ਨਾਇਕ ਬਣਾ ਦਿੱਤਾ
ਤੈਂ ਐਸੀ ਮੌਤ ਵਿਹਾਜੀ...

**ਹਰਕੋਮਲ 'ਬਰਿਆਰ'**
**ਗੁਰੂ ਤੇਗ ਬਹਾਦਰ ਨਗਰ, ਜਗਰਾਉਂ।, ਫੋਨ : 94637-44580**

***

## ਨਸ਼ਿਆਂ ਦੀ ਕੋਹੜ ਬਿਮਾਰੀ

ਕਰੋ ਖਾਤਮਾ ਰਲ ਨਸ਼ਿਆਂ ਦੀ ਕੋਹੜ ਬਿਮਾਰੀ ਦਾ
ਜ਼ਹਿਰ ਨਸ਼ੇ ਵਿੱਚ ਹੁੰਦਾ ਵਰਗਾ-ਨਾਗ ਪਟਾਰੀ ਦਾ।
ਕਿਸਮਤ ਉਹਦੀ ਮਾੜੀ ਜੋ ਨਸ਼ਿਆਂ ਵਿੱਚ ਪੈ ਜਾਂਦਾ,
ਪਲੇ ਕੁਝ ਨਾ ਰਹਿੰਦਾ ਉਹਦਾ ਭੱਠਾ ਬਹਿ ਜਾਂਦਾ।
ਬੇੜਾ ਗਰਕ ਕਰਾਉਂਦਾ ਟੀਕਿਆਂ ਦੀ ਪਚਕਾਰੀ ਦਾ।
ਕਰੋ ਖ਼ਾਤਮਾ ਰਲ ਨਸ਼ਿਆਂ ਦੀ ਕੋਹੜ ਬਿਮਾਰੀ ਦਾ...।
ਨਿਤ ਦਿਹਾੜੇ ਜੋ ਨਸ਼ਿਆਂ ਦਾ ਬਣਦਾ ਆਦੀ ਏ,
ਬਣ ਸਿਹਤ ਦੀ ਕੋਹੜ ਨਸ਼ਾ ਕਰਦਾ ਬਰਬਾਦੀ ਏ.
ਜ਼ਹਿਰ ਨਸ਼ੇ ਵਿੱਚ ਹੁੰਦਾ ਵਰਗਾ ਨਾਗ ਪਟਾਰੀ ਦਾ
ਕਰੋ ਖਾਤਮਾ...
ਸੋਚੋ ਜਰਾ ਵਿਚਾਰੋ ਕੁਝ ਸਮਝ ਦੇ ਲੋਕੋ ਜੀ,
ਨਸ਼ਿਆਂ ਦੇ ਵਿੱਚ ਰੰਗ ਰਹੀਆਂ ਰਸਮਾਂ ਨੂੰ ਰੋਕੋ ਜੀ।

ਨਸ਼ੇ ਤਾਂ ਦੂਸ਼ਿਤ ਕਰਦੇ ਕਲਚਰ ਸਭਿਆਚਾਰੀ ਦਾ।
ਕਰੋ ਖਾਤਮਾ....
ਕਰ ਉਪਰਾਲੇ 'ਸੁੱਖਾਂ ਕਹਿੰਦਾ ਨਸ਼ੇ ਹਟਾਓ ਜੀ
ਚੰਗਾ ਭੋਜਨ ਖਾਕੇ ਚੰਗੀ ਸਿਹਤ ਬਣਾਓ ਜੀ,
ਨਸ਼ਿਆਂ ਤੋਂ ਮੁਕਤ ਕਰਾਉਣਾ ਕੰਮ ਏ ਪਰਉਪਕਾਰੀ ਦਾ
ਕਰੋ ਖਾਤਮਾ ...।

**ਸੁਖਦੇਵ ਸਿੰਘ ਗੰਢਵਾਂ**
89-ਸਤਨਾਮਪੁਰਾ (ਪੁਰਾਣਾ), ਗਲੀ ਨੰ : 2 ਫਗਵਾੜਾ (ਕਪੂਰਥਲਾ)
96467-56737

***

*ਲੋਪ ਹੋ ਰਹੇ ਕੁਝ ਲੋਕਧਾਰਾਵੀ ਸਰੋਕਾਰ*

# ਕੋਰੜਾ ਛੰਦ

**ਮਨਮੋਹਨ ਪੰਛੀ**



ਰੰਗਲਾ ਪੰਜਾਬ
ਸ਼ਵੀਆਂ ਗੰਡਾਸੀਆਂ ਦੇ ਗੀਤ ਛੱਡ ਕੇ॥
ਦੂਈ 'ਤੇ ਦਵੈਤ ਦਿਲ ਵਿੱਚੋਂ ਕੱਢ ਕੇ॥
ਆਓ ਸਾਰੇ ਜਸ਼ਨ ਮਨਾਈਏ ਮਿੱਤਰੋ॥
ਰੰਗਲਾ ਪੰਜਾਬ ਨੂੰ ਬਣਾਈਏ ਮਿੱਤਰੋ॥
1. ਬਲਦਾਂ 'ਤੇ ਟੱਲੀਆਂ ਦੀ ਗੱਲ ਕਰੀਏ॥
ਬਾਜ਼ਰੇ 'ਤੇ ਛੱਲੀਆਂ ਦੀ ਗੱਲ ਕਰੀਏ॥
ਭੱਤਾ ਲੈ ਕੇ ਜਾਣ ਖੇਤਾਂ ਨੂੰ ਸਵਾਣੀਆਂ॥
ਚਾਟੀਆਂ ਦੇ ਵਿੱਚ, ਗੂੰਜਣ ਮਧਾਣੀਆਂ॥
ਮੱਖਣਾਂ ਦੇ ਪੇੜੇ ਕੱਢ ਖਾਈਏ ਮਿੱਤਰੋ॥
ਰੰਗਲਾ ਪੰਜਾਬ ਨੂੰ ......
2. ਅੰਮ੍ਰਿਤ ਵੇਲੇ ਕੁੱਕੜ ਨਹੀਂ ਬੋਲਦਾ॥
ਬੋਹਲ 'ਤੇ ਕਿਸਾਨ ਨਹੀਂ ਦਾਣੇ ਤੋਲਦਾ॥
ਕੁੜੀਆਂ ਨਹੀਂ ਪਿੱਪਲੀ 'ਤੇ ਪੀਂਘ ਪਾਉਂਦੀਆਂ॥
ਚਰਖੀ ਤ੍ਰਿੰਝਣਾਂ 'ਚ ਨਹੀਉਂ ਡਾਹਉਂਦੀਆਂ॥
ਵਿਰਸਾ ਪੰਜਾਬੀ ਨਾਂ ਭੁਲਾਈਏ ਮਿੱਤਰੋ॥
ਰੰਗਲਾ ਪੰਜਾਬ ਨੂੰ....
3. ਬੇਲਿਆਂ ਦੇ ਵਿੱਚ ਮੱਝੀਆਂ ਚਰਾਂਦੇ ਸੀ॥
ਡਾਂਗ ਫੜ ਵਾਰੀ ਵਾਰ ਮੋੜੇ ਲਾਉਂਦੇ ਸੀ॥
ਖਾਂਦੇ ਸੀ ਮੱਖਣ, ਚੁੰਘਦੇ ਸੀ ਬੂਰੀਆਂ॥
ਹੋ ਗਈਆਂ ਨੇ ਗਾਇਬ, ਛੰਨੇ ਵਿੱਚੋਂ ਚੂਰੀਆਂ॥
ਆ ਜੋ ਮਾਹੀਆ ਢੋਲੇ ਟੱਪੇ ਗਾਈਏ ਮਿੱਤਰੋ॥
ਰੰਗਲਾ ਪੰਜਾਬ ਨੂੰ....
4. ਚਿੱਟਾ ਲਹੂ ਹੁੰਦਾ ਜਾਂਦਾ ਏ ਭਰਾਵਾਂ ਦਾ॥
ਭੁੱਲ ਗਏ ਨੇ ਪੁੱਤ ਸਤਕਾਰ ਮਾਵਾਂ ਦਾ॥
'ਪੰਛੀ' ਕਹੇ ਸੱਚੀਆਂ 'ਤੇ ਗੱਲਾਂ ਕੋਰੀਆਂ॥
ਦਿੱਤੀਆਂ ਵਿਸਾਰ, ਮਾਵਾਂ ਦੀਆਂ ਲੋਰੀਆਂ॥
ਮਾਪਿਆਂ ਦਾ ਮਨ ਨਾ ਦੁਖਾਈਏ ਮਿੱਤਰੋ॥
ਰੰਗਲਾ ਪੰਜਾਬ....॥

**ਦੀਪ ਮੋਹਣ ਫਰਨੀਚਰਜ਼**
ਨਜ਼ਦੀਕ ਰਜਿੰਦਰਾ ਪੈਲਸ, ਪਠਾਨਕੋਟ ਰੋਟ, ਮੁਕੇਰੀਆਂ (ਹੁਸ਼ਿਆਰਪੁਰ)

***

ਵੱਖਰੀ ਪਹਿਚਾਣ ਵਾਲਾ ਮਿੰਨੀ-ਕਹਾਣੀ ਸੰਗ੍ਰਹਿ

# 'ਨਿੱਕੇ-ਵੱਡੇ ਹਿਟਲਰ'

**ਲੇਖਕ : ਡਾ. ਕਰਮਜੀਤ ਸਿੰਘ ਨਡਾਲਾ**

ਸੱਤਰਵਿਆਂ ਤੋਂ ਬਾਅਦ ਪੰਜਾਬੀ ਭਾਸ਼ਾ ਦੇ ਜਿੰਨੇ ਵੀ ਮਿੰਨੀ-ਕਹਾਣੀ ਸੰਗ੍ਰਹਿ ਛਪੇ ਹਨ, 'ਨਿੱਕੇ-ਵੱਡੇ ਹਿਟਲਰ' ਉਨ੍ਹਾਂ ਵਿੱਚ ਵਿਸ਼ੇਸ਼ ਥਾਂ ਰੱਖਦਾ ਹੈ। ਇਸ ਦਾ ਕਾਰਨ ਇਸ ਰਾਹੀਂ ਕੀਤਾ ਗਿਆ ਨਵਾਂ ਅਤੇ ਵਿਲੱਖਣ ਤਜ਼ਰਬਾ ਹੈ। ਜਿਸ ਅਨੁਸਾਰ ਇਸ ਨੂੰ ਤਿੰਨ ਭਾਗਾਂ ਵਿੱਚ ਵੰਡ ਦਿੱਤਾ ਗਿਆ ਹੈ। ਇਕ ਨਵਾਂ ਤਜ਼ਰਬਾ, ਇਸ ਨੂੰ ਹੋਰਨਾਂ ਪੁਸਤਕਾਂ ਤੋਂ ਪ੍ਰਭਾਵਸ਼ਾਲੀ ਵੱਖਰਤਾ ਦਿੱਤੀ ਗਈ ਹੈ। ਜਿਵੇਂ:-

ਨੰਬਰ ਇਕ ਲੇਖਕ ਨੇ ਪੁਸਤਕ ਨੂੰ ਭਰੂਣ ਹੱਤਿਆ, ਬਜ਼ੁਰਗਾਂ ਦਾ ਸੰਤਾਪ, ਵਹਿਮ-ਭਰਮ, ਕਾਰੋਬਾਰ, ਲੇਖਕਾਂ ਦੀ ਅੰਦਰੂਨੀ ਮਾਨਸਿਕ ਸਥਿਤੀ, ਧਰਮ ਦੀ ਠੇਕੇਦਾਰੀ, ਅਤਿ ਗਰੀਬੀ, ਜਾਨਵਰਾਂ ਦੀ ਮਨੋਸਥਿਤੀ, ਕਿਸਾਨਾਂ ਦੀ ਦੁਰਦਸ਼ਾ, ਦਫ਼ਤਰੀ ਦਸ਼ਵਾਰੀਆਂ, ਸਿੱਖਿਆ ਮਹਿਕਮੇ ਅਤੇ ਪੁਲਸ ਪ੍ਰਸਾਸ਼ਨ ਵਿਸ਼ਿਆਂ ਅਨੁਸਾਰ ਬਾਰ੍ਹਾਂ ਭਾਗਾਂ ਵਿੱਚ ਵੰਡ ਦਿੱਤਾ ਹੈ। ਇਸ ਨਾਲ ਪਾਠਕ ਨੂੰ ਲੋੜ ਅਨੁਸਾਰ ਮਿੰਨੀ-ਕਹਾਣੀ ਪੜ੍ਹਣ ਵਿੱਚ ਸੌਖ ਮਿਲਦੀ ਹੈ। ਨੰਬਰ ਦੋ, ਹਰ ਭਾਗ ਤੋਂ ਪਹਿਲਾਂ ਕੁਝ ਕਵੀਆਂ ਦੇ ਸ਼ੇਅਰ ਜਾਂ ਕਾਵਿ-ਟੋਟੇ ਦਿੱਤੇ ਗਏ ਹਨ। ਇਸ ਨਾਲ ਇਸ ਸੰਗ੍ਰਿਹ ਦੀ ਹੋਰਨਾਂ ਪੁਸਤਕਾਂ ਨਾਲੋਂ ਬਣੀ ਭਿੰਨਤਾ ਪ੍ਰਸ਼ੰਸਾਯੋਗ ਹੈ।

ਨੰਬਰ ਤਿੰਨ, ਇਕ ਨਜ਼ਰ ਅਧੀਨ ਪ੍ਰੋ. ਬਲਦੇਵ ਸਿੰਘ ਵਾਲੀਆ ਨੇ ਹਰ ਭਾਗ ਤੋਂ ਪਹਿਲਾਂ ਜੋ ਆਪਣੇ ਵਿਚਾਰ ਦਿੱਤੇ ਹਨ, ਬਹੁਤ ਹੀ ਸ਼ਲਾਘਾਯੋਗ ਹਨ। ਸਬੰਧਤ ਭਾਗ 'ਚ ਛਪੀਆਂ ਕਹਾਣੀਆਂ ਦਾ ਸਮੁੱਚੇ ਰੂਪ ਵਿੱਚ ਸੰਗਠਿਤ ਅਤੇ ਸਿਆਣਾ ਰੀਵਿਊ 'ਤੇ ਫਿਰ ਹਰ ਕਹਾਣੀ ਬਾਰੇ ਵੱਖਰੀਆਂ ਟਿੱਪਣੀਆਂ ਪਾਠਕ ਲਈ ਡਾਢੀਆਂ ਲਾਹੇਵੰਦ ਬਣ ਜਾਂਦੀਆਂ ਹਨ। ਕਹਾਣੀ ਬਾਰੇ ਪਾਠਕ ਆਪਣੇ ਵਿਚਾਰ ਵੀ ਬਣਾਵੇ ਤੇ ਪ੍ਰੋਫੈਸਰ ਸਾਹਿਬ ਦੇ ਵਿਚਾਰ ਵੀ ਪੜ੍ਹ ਕੇ ਆਪਣੀ

ਸਮਝ ਨੂੰ ਦਰੁਸਤ ਅਤੇ ਵਿਸ਼ਾਲ ਬਣਾਵੇ। ਇਹ ਨਿਵੇਕਲੀ ਕੋਸ਼ਿਸ਼ ਬਹੁਤ ਚੰਗੀ ਲੱਗੀ ਹੈ। ਇਸ ਨਾਲ ਪੁਸਤਕ ਦਾ ਹੋਣਾ ਬਹੁਮੁੱਲਾ ਹੋ ਗਿਆ ਹੈ।

ਪ੍ਰਸਿੱਧ ਫ਼ਿਲਾਸਫ਼ਰ ਥਾਮਸ ਕਾਰਲਾਈਲ ਦਾ ਕਥਨ ਹੈ ਕਿ, "ਸਾਨੂੰ ਇਹ ਵੇਖਣਾ ਚਾਹੀਦਾ ਹੈ ਕਿ ਲੇਖਕ ਨੇ ਕਿਤਾਬ ਵਿੱਚ ਕੀ ਲਿਖਿਆ ਹੈ ਨਾ ਕਿ ਕੀ ਨਹੀਂ ਲਿਖਿਆ।"

ਇਸ ਸੰਗ੍ਰਿਹ ਵਿੱਚ ਕੁੱਲ ਸੱਠ (60) ਮਿੰਨੀ- ਕਹਾਣੀਆਂ ਹਨ। ਜੋ ਕਿ ਕਾਬਲੇ ਤਾਰੀਫ਼ ਹਨ।

ਇਕ ਲੇਖਕ ਆਪਣੇ ਨਿੱਜੀ ਅਨੁਭਵ ਦੇ ਡੂੰਘੇ ਖੂਹ 'ਚੋਂ ਗਿਆਨ ਪਾਣੀ ਦੀਆਂ ਬਾਲਟੀਆਂ ਭਰਦਾ ਹੈ - ਨਾ ਕਿ ਦੂਸਰੇ ਖੂਹਾਂ 'ਚੋਂ ਨਿਕਲੇ ਪਾਣੀ ਨਾਲ ਭਰੇ ਹੌਜ ਵਿੱਚੋਂ।

ਪਰ ਐਸੀ ਵੀ ਕੋਈ ਗੱਲ ਨਹੀਂ, ਦੁਨੀਆਂ ਵਿੱਚ ਅਨੇਕਾਂ ਵਿਸ਼ੇ ਸਰਬ ਸਾਂਝੇ ਹਨ ਹਨ। ਪਰ ਅਹਿਮ ਹੈ ਕਿ ਲੇਖਕ ਉਨ੍ਹਾਂ 'ਚੋਂ ਲੋੜੀਂਦੇ ਕਿਸੇ ਨੂੰ ਕਿਸੇ ਕੋਨੇ ਤੋਂ ਵੇਖਦਾ ਹੈ ਅਤੇ ਕਿਸ ਮੰਜ਼ਿਲ ਉੱਤੇ ਪਹੁੰਚਾਉਂਦਾ ਹੈ। ਮਹੱਤਤਾ ਲੇਖਕ ਦੇ ਚੁਣੇ ਹੋਏ ਵਿਸ਼ੇ ਤੇ ਉਸ ਪ੍ਰਤੀ ਉਸ ਦਾ ਦ੍ਰਿਸ਼ਟੀਕੋਣ ਹੈ।

ਜਲੰਧਰ ਵਿੱਚ ਰੂ-ਬ-ਰੂ ਦੌਰਾਨ ਇਕ ਵਾਰ ਪ੍ਰਸਿੱਧ ਕਹਾਣੀਕਾਰ ਰਾਮ ਸਰੂਪ ਅਣਖੀ ਨੂੰ ਕਿਸੇ ਨੇ ਸਵਾਲ ਕਰਦਿਆਂ ਦੋਸ਼ ਲਾਇਆ ਸੀ ਕਿ ਉਸ ਦੀ ਕੋਈ ਕਹਾਣੀ ਕਿਸੇ ਹੋਰ ਲੇਖਕ ਨਾਲ ਮਿਲਦੀ ਜੁਲਦੀ ਹੈ, ਤਾਂ ਉਨ੍ਹਾਂ ਨੇ ਜਵਾਬ ਵਿੱਚ ਕਿਹਾ ਸੀ, ਇਸ ਬਾਰੇ ਉਨ੍ਹਾਂ ਨੂੰ ਨਹੀਂ ਪਤਾ, ਸਹਿਜ ਬਿਰਤੀ ਨਾਲ ਉਨ੍ਹਾਂ ਕੋਲੋਂ ਲਿਖਿਆ ਗਿਆ ਹੋਵੇਗਾ। ਉਨ੍ਹਾਂ ਇੰਝ ਜਾਣ-ਬੁੱਝ ਕੇ ਨਹੀਂ ਸੀ ਕੀਤਾ। ਭਾਸ਼ਾ, ਵਿਸ਼ਿਆਂ ਦੀ ਚੋਣ ਵੇਲੇ ਲੇਖਕਾਂ ਨਾਲ ਕਈ ਵਾਰ ਇੰਝ ਵਾਪਰ ਜਾਂਦਾ ਹੈ। ਇਹ ਕੋਈ ਗੁਨਾਹ ਨਹੀਂ। 'ਹੀਰ ਵਾਰਿਸ' ਸਭ ਤੋਂ ਪ੍ਰਸਿੱਧ ਅਤੇ ਵਧੀਆ ਲਿਖਿਆ ਗਿਆ ਕਿੱਸਾ ਹੈ। ਭਾਵ 'ਹੀਰ' ਕਿੱਸਾ ਹੋਰ ਕਿੱਸਾਕਾਰਾਂ ਨੇ ਵੀ ਲਿਖਿਆ ਹੈ, ਗੱਲ ਸਿਰਫ਼ ਲਿਖਣ ਦੇ ਢੰਗ ਅਤੇ ਆਪੋ-ਆਪਣੇ ਦ੍ਰਿਸ਼ਟੀਕੋਣ 'ਤੇ ਮੁੱਕਦੀ ਹੈ।

ਮਿੰਨੀ ਕਹਾਣੀ 'ਨੌਕਰੀ' (ਸਫ਼ਾ 30) ਅਤੇ 'ਫ਼ਲਾਈਂਗ ਸਕੁਐਡ' (ਸਫ਼ਾ 31) ਵਰਗੀਆਂ ਕਹਾਣੀਆਂ ਭਾਵੇਂ ਹੋਰ ਲੇਖਕਾਂ ਨੇ ਵੀ ਲਿਖੀਆਂ ਹਨ, ਪਰ ਇਨ੍ਹਾਂ ਦੋਹਾਂ ਦਾ ਦ੍ਰਿਸ਼ਟੀਕੋਣ ਉਨ੍ਹਾਂ ਲੇਖਕਾਂ ਨਾਲੋਂ ਵੱਖਰਾ ਹੋਣ ਕਾਰਨ ਇਹ ਆਪਣੀ ਅਲੱਗ ਪਹਿਚਾਣ ਬਣਾਉਂਦੀਆਂ ਹਨ।

ਸੰਵਾਦ ਵਾਂਗ ਹੀ ਯਥਾਰਥ ਵੀ ਕਹਾਣੀ ਦਾ ਮੀਰੀ ਗੁਣ ਮੰਨਿਆ ਗਿਆ ਹੈ। ਇਹ ਹੋਣਾ ਵੀ ਚਾਹੀਦਾ ਹੈ। ਪਰ ਇੱਛਤ ਯਥਾਰਥ, ਭਾਵ ਜੋ ਜ਼ਿੰਦਗੀ ਦਾ ਆਮ ਯਥਾਰਥ ਨਾ ਜਾਪੇ, ਚੰਗਾ ਪ੍ਰਭਾਵ ਨਹੀਂ ਪਾਉਂਦਾ। ਕਹਾਣੀ 'ਸਹਾਇਕ ਸਮਗਰੀ' (ਸਫ਼ਾ 34) ਵਿੱਚ 'ਇੱਛਤ ਯਥਾਰਥ' ਦੇ ਅੰਸ਼ ਮੌਜੂਦ ਹਨ।

ਉਂਝ ਨਿੱਕੇ ਵੱਡੇ ਹਿਟਲਰ' ਵਿੱਚ ਕੁਝ ਅਜਿਹੇ ਜ਼ਿਕਰਯੋਗ ਗੁਣ ਵੀ ਹਨ ਜੋ ਇਸ ਨੂੰ ਅਲੱਗ ਅਤੇ ਵਿਸ਼ੇਸ਼ ਪਹਿਚਾਣ ਦਿੰਦੇ ਨੇ ਜਿਵੇਂ:-

ਸਿਰਲੇਖ, ਸ਼ਰੀਸ਼ਕ ਜਾਂ ਨਾਂਅ ਕਿਸੇ ਵੀ ਸਾਹਿਤ ਰਚਨਾ ਦਾ ਪ੍ਰਵੇਸ਼ ਦੁਆਰ ਹੁੰਦਾ ਹੈ। ਜੇ ਪ੍ਰਵੇਸ਼ ਦੁਆਰ ਹੀ ਵੇਖਣ ਵਾਲੇ ਨੂੰ ਨਾ ਭਾਵੇ ਤਾਂ ਰਚਨਾ ਦੀ ਅੰਦਰੂਨੀ ਸ਼ਿਲਪ ਕਲਾ ਦਾ ਮੁੱਲ ਘਟ ਜਾਂਦਾ ਹੈ। ਡਾ. ਕਰਮਜੀਤ ਸਿੰਘ ਨਡਾਲਾ ਨੂੰ ਆਪਣੀਆਂ ਮਿੰਨੀ-ਕਹਾਣੀਆਂ ਦੇ ਸਿਰਲੇਖ ਤਲਾਸ਼ ਕਰਨ ਵਿੱਚ ਕਮਾਲ ਦੀ ਮੁਹਾਰਤ ਹਾਸਲ ਹੈ। ਉਦਾਹਰਣ ਦੇ ਤੌਰ 'ਤੇ 'ਭੁੱਜੀ ਛੱਲੀ ਦੇ ਦਾਣੇ', 'ਚਾਨਣ ਦੀ ਭਾਲ', 'ਪਰਾਲੀ ਦਾ ਸੇਕ', 'ਮੱਖਣ ਵਾਲੀ ਪਰੌਂਠੀ', 'ਕਾਫ਼ਲਾ' ਆਦਿ।

ਇਸ ਸੰਗ੍ਰਹਿ ਦੀਆਂ ਕਹਾਣੀਆਂ ਦੀ ਸੰਵੇਦਨਾ ਏਨੀ ਮਨੋਸਪਰਸ਼ੀ ਹੈ ਕਿ ਇਨ੍ਹਾਂ ਦੇ ਪਾਤਰਾਂ



ਦੀ ਪਾਠਕ-ਮਨਾਂ ਵਿੱਚ ਚਿਰ ਸਥਾਈ ਪਹਿਚਾਣ ਪਹਿਚਾਣ ਪੈਦਾ ਹੋ ਜਾਂਦੀ ਹੈ।

ਕਹਾਣੀਆਂ ਪੜ੍ਹ ਕੇ ਭਲੀ-ਭਾਂਤ ਪਤਾ ਲੱਗ ਜਾਂਦਾ ਹੈ ਕਿ ਡਾ. ਕਰਮਜੀਤ ਸਿੰਘ ਨਡਾਲਾ ਕੋਲ ਪੰਜਾਬੀ ਭਾਸ਼ਾ ਦਾ ਵੱਡਾ ਸ਼ਬਦ ਭੰਡਾਰ ਅਤੇ ਗਿਆਨ ਹੈ। ਇਸੇ ਕਾਰਨ ਅਤੇ ਚੰਗੇ ਵਿਸ਼ਾ ਵਸਤੂ ਕਰਕੇ ਵੀ ਇਹ ਰਚਨਾਵਾਂ ਸਾਹਿਤਕ ਖੇਤਰ ਵਿੱਚ ਏਨਾਂ ਮਾਣ ਪ੍ਰਾਪਤ ਕਰ ਸਕਦੀਆਂ ਹਨ।

ਕੁਝ ਕਹਾਣੀਆਂ ਵਿੱਚ ਪਾਤਰਾਂ ਦੀ ਮਾਨਸਿਕ ਕਿਰਿਆਤਮਕਤਾ ਅਤੇ ਸੰਵੇਦਨਸ਼ੀਲਤਾ ਨੂੰ ਅਜਿਹੇ ਕਲਾਤਮਕ 'ਤੇ ਸੰਕੇਤਕ ਢੰਗ ਨਾਲ ਪ੍ਰਗਟਾਇਆ ਗਿਆ ਕਿ ਲੇਖਕ ਵੱਡੀ ਪ੍ਰਸ਼ੰਸਾ ਦਾ ਹੱਕਦਾਰ ਬਣ ਗਿਆ ਹੈ।

ਤੇ ਹੋਰ ਕੀ ਲੇਖਕ ਸੰਵੇਦਨਸ਼ੀਲ ਮਨੁੱਖਾਂ ਨੂੰ ਪੁੱਜਦੀ ਭਾਵਨਾਤਕਿ ਠੇਸ ਨੂੰ ਸ਼ਾਬਦਿਕ ਰੂਪ ਵਿੱਚ ਮਿੰਨੀ-ਕਹਾਣੀ ਵਿਧੀ ਰਾਹੀਂ ਪੇਸ਼ ਕਰਨ ਵਿੱਚ ਪੂਰੀ ਤਰ੍ਹਾਂ ਸਫ਼ਲ ਹੋਇਆ ਹੈ।

ਸੋ ਨਿੱਕੀ-ਮੋਟੀ ਘਾਟ ਵਾਧ ਦੇ ਹੁੰਦਿਆਂ ਵੀ 'ਨਿੱਕੇ-ਵੱਡੇ ਹਿਟਲਰ' ਦੀਆਂ ਕਹਾਣੀਆਂ ਪੜ੍ਹਨ ਅਤੇ ਮਾਣਯੋਗ ਹਨ। ਪਾਠਕ ਇਨ੍ਹਾਂ ਤੋਂ ਬਹੁਤ ਕੁੱਝ ਪ੍ਰਾਪਤ ਕਰਦਾ ਹੈ। ਇਹ ਪੁਸਤਕ ਡਾ. ਕਰਮਜੀਤ ਸਿੰਘ ਨਡਾਲਾ ਦੀ ਵਿਸ਼ੇਸ਼ ਤੇ ਇਤਿਹਾਸਕ ਪ੍ਰਾਪਤੀ ਹੈ। ਆਪਣੀਆਂ ਜ਼ਿਕਰਯੋਗ ਰਚਨਾਵਾਂ ਕਾਰਨ ਮਿੰਨੀ-ਕਹਾਣੀ ਦੀਆਂ ਹੁਣ ਤੀਕ ਛਪੀਆਂ ਪੁਸਤਕਾਂ ਦੇ ਖਜ਼ਾਨੇ ਵਿੱਚ ਇਹ ਵੱਖਰੀ ਪਹਿਚਾਣ ਵਾਲਾ ਕੀਮਤੀ ਹੀਰਾ ਹੈ। ਡਾਕਟਰ ਸਾਹਿਬ ਨੂੰ ਇਸ ਪ੍ਰਾਪਤੀ ਲਈ ਬਹੁਤ-ਬਹੁਤ ਮੁਬਾਰਕਾਂ।

**ਸੰਪਾਦਕ 'ਸਬਾਸਿਕ'** (ਤ੍ਰੈਮਾਸਿਕ)

**ਬੀ-12/42 ਮਾਲ ਰੋਡ, ਨੇੜੇ ਇਨਕਮ ਟੈਕਸ ਦਫ਼ਤਰ, ਕਪੂਰਥਲਾ-144601**

***

# ਪੁਸਤਕ ਰੀਵਿਊ

ਪੁਸਤਕ-ਸ਼ਬਦ ਬਣੇ ਫੁਲਕਾਰੀ

ਲੇਖਕ - ਜਸਵਿੰਦਰ ਫਗਵਾੜਾ

ਪ੍ਰਕਾਸ਼ਕ-ਰਘਬੀਰ ਰਚਨਾ ਪ੍ਰਕਾਸ਼ਨ, ਚੰਡੀਗੜ੍ਹ

ਸਫ਼ੇ 104 ਮੁੱਲ 150 ਰੁ:

ਜਸਵਿੰਦਰ ਫਗਵਾੜਾ ਸਾਹਿਤਕ ਖੇਤਰ ਵਿੱਚ ਇਕ ਜਾਣਿਆ ਪਹਿਚਾਣਿਅ ਤੇ ਬਹੁਤ ਚਰਚਿਤ ਨਾਂ ਹੈ। ਨਾਰੀ ਜਾਤੀ ਦੀਆਂ ਗਜ਼ਲਗੋਆਂ ਵਿੱਚ ਜਸਵਿੰਦਰ ਦਾ ਵਿਸ਼ੇਸ਼ ਥਾਂ ਹੈ। ਲਗਭਗ 18-20 ਸਾਲ ਤੋਂ ਲਗਾਤਾਰ ਸਾਹਿਤ ਦੀ ਸੇਵਾ ਕਰਦਿਆਂ ਜਸਵਿੰਦਰ ਨੇ ਪੰਜਾਬੀ ਸਾਹਿਤ ਦੀ ਝੋਲੀ ਵਿੱਚ ਪਹਿਲਾਂ ਵੀ ਇਕ ਗੀਤ ਸੰਗ੍ਰਿਹ 'ਸ਼ਬਦਾਂ ਦੀ ਪਾਲਕੀ' ਪਾ ਚੁੱਕੀ ਹੈ ਤੇ ਹਥਲੀ ਪੁਸਤਕ 'ਸ਼ਬਦ ਬਣੇ ਫੁਲਕਾਰੀ' ਸਾਹਿਤ ਜਗਤ ਨੂੰ ਦੂਸਰੀ ਦੇਣ ਹੈ।

ਉਸਤਾਦ ਗਜ਼ਲਗੋ ਸ. ਬਲਬੀਰ ਸਿੰਘ ਸੈਣੀ ਦੀ ਸ਼ਗਿਰਦ ਜਸਵਿੰਦਰ ਨੂੰ ਪਿੰਗਲ ਤੇ ਅਰੂਜ਼ ਦਾ ਅਸੀਮ ਗਿਆਨ ਹੈ। ਤਿਗਜ਼ਲਾ ਅੰਦਰ ਸਿਧੀ ਸਾਦੀ ਸ਼ਬਦਾਵਲੀ ਵਿੱਚ ਬਹੁਤ ਹੀ ਡੂੰਘਿਆਈ ਦੀ ਗੱਲ ਕਰਨ ਦਾ ਢੰਗ ਉਸ ਦਾ ਅਨੋਖਾ ਹੈ। ਜਿਵੇਂ ਲੱਖਾਂ ਨੇ ਜੋ ਨਸ਼ਿਆਂ ਦੇ

ਚੁੰਗਲ ਵਿੱਚ ਫਸ ਕੇ ਤੜਪ ਰਹੇ, ਉਹ ਹੈ ਪਾਪੀ ਜ਼ਾਲਿਮ ਜਿਸਦਾ ਧੰਦਾ ਜਹਿਰ ਫੈਲਾਉਣ ਦਾ ਕਿਉਂ ਧੀਆਂ ਦੇ ਜੰਮਣ, ਹੱਸਣ-ਖੇਡਣ ਤੇ ਪਾਬੰਦੀ ਹੈ? ਕਿਸ ਨੇ ਦਿੱਤਾ ਹੱਕ ਤੁਹਾਨੂੰ, ਏਦਾਂ ਕਹਿਰ ਕਮਾਵਣ ਦਾ? ਜਸਵਿੰਦਰ ਜੀ ਨੇ ਇਸ ਪੁਸਤਕ ਵਿੱਚ ਇੱਛਕ ਮਜਾਜੀ ਦੀਆਂ ਗੱਲਾਂ ਤੋਂ ਬਹੁਤ ਦੂਰ ਰਹਿ ਕੇ, ਰੁਲਦੇ ਸਭਿਆਚਾਰ, ਵੱਧਦੇ ਨਸ਼ਿਆਂ ਦੇ ਵਪਾਰ, ਰਿਸ਼ਤਿਆਂ ਦੀ ਟੁੱਟ ਭੱਜ, ਬਜ਼ੁਰਗਾਂ ਦੀ ਬੇਕਦਰੀ, ਲੋਕਾਂ ਦੇ ਮਤਲਬੀ ਪਨ ਧੀਆਂ ਦੇ ਨਿਰਾਦਰ ਤੇ ਹੋਰ ਕਈ ਸਮਾਜਿਕ ਕੁਰੀਤੀਆਂ ਦੇ ਨਾਲ ਸਬੰਧਤ ਵਿਸ਼ਿਆਂ ਨੂੰ ਛੋਹਿਆ ਹੈ। ਸਮਾਜਿਕ ਸ਼ਾਇਰਾ ਜਸਵਿੰਦਰ ਨੇ ਆਪਣੀ ਸ਼ਾਇਰੀ ਵਿੱਚ ਜੋ ਵੀ ਗੱਲ, ਕੀਤੀ ਹੈ ਸੱਚੀ ਤੇ ਠੋਸ ਕੀਤੀ ਹੈ। ਕਿਤਾਬ ਪੜ੍ਹਦਿਆਂ ਇਹ ਮਹਿਸੂਸ ਹੋਇਆ ਕੇ ਫੁਕਰੀ ਸ਼ਾਇਰੀ ਤਾਂ ਜਸਵਿੰਦਰ ਜੀ ਦੇ ਇਰਦ ਗਿਰਦ ਵੀ ਨਹੀਂ ਭੱਟਕਦੀ।

ਆਓ ਇਕ ਦੋ ਸ਼ੇਅਰ ਤੇ ਨਜ਼ਰ ਪਾਈਏ।

ਬੜੀ ਮਸੂਮ ਹੈ ਸੂਰਤ, ਸੁਭਾਅ ਵੀ ਸਾਧੂਆਂ ਵਰਗੈ,
ਬੜਾ ਕੁਝ ਕਰ ਗੁਜ਼ਰਦੇ, ਪਰ ਜਦੋਂ ਕਰਨੇ ਤੇ ਆਉਂਦੇ ਹਾਂ।
ਭੁਲਾ ਕੇ ਸੱਚ ਦੀ ਤਾਕਤ, ਨਾ ਜੀਣਾ ਲੋਚਦੇ ਇਕ ਪਲ,
ਅਸੀਂ ਤਾਂ ਸੱਚ ਦੀ ਖਾਤਰ, ਤਲੀ ਤੇ ਸਿਰ ਟਿਕਾਉਂਦੇ ਹਾਂ

ਸਮੇਂ ਦੇ ਅਨੁਸਾਰ ਸ਼ਾਇਰੀ ਸਿਰਜਨ ਵਾਲੀ ਜਸਵਿੰਦਰ ਫਗਵਾੜਾ ਵਧਾਈ ਦੀ ਪਾਤਰ ਹੈ। ਮੈਂ ਜਸਵਿੰਦਰ ਨੂੰ ਦਿਲੋ ਵਧਾਈ ਦੇਂਦਾ ਹਾਂ ਤੇ ਇਹ ਕਲਮ ਹੋਰ ਅੱਗੇ ਵਧਣ ਦੀ ਕਾਮਨਾ ਕਰਦਾ ਹਾਂ

**ਬਲਵਿੰਦਰ ਸਿੰਘ ਪੰਨੂੰ**

***

ਪੁਸਤਕ : ਆਧੁਨਿਕਤਾ ਅਤੇ ਆਧੁਨਿਕ ਪੰਜਾਬੀ ਕਾਵਿ ਧਾਰਾਵਾਂ
ਲੇਖਕ : ਡਾ. ਜਸਵੰਤ ਬੇਗੋਵਾਲ
ਪ੍ਰਕਾਸ਼ਕ : ਸੁੰਦਰ ਬੁੱਕ ਡਿਪੋ ਜਲੰਧਰ
ਮੁੱਲ : 180 ਰੁਪਏ, ਸਫੇ : 120

ਡਾ. ਜਸਵੰਤ ਬੇਗੋਵਾਲ ਪੰਜਾਬੀ ਸਾਹਿਤ ਸਮੀਖਿਆ ਦੇ ਖੇਤਰ ਵਿੱਚ ਕਿਸੇ ਰਸਮੀ ਜਾਣ-ਪਛਾਣ ਦਾ ਮੁਥਾਜ ਨਹੀਂ ਹੈ ਕਿਉਂਕਿ ਉਸਦੀਆਂ ਲਿਖੀਆਂ ਆਲੋਚਨਾ ਪੁਸਤਕਾਂ ਨੂੰ ਸਾਹਿਤ ਪਾਰਖੂਆਂ ਅਤੇ ਸਾਹਿਤ ਵਿਦਿਆਰਥੀਆਂ ਵੱਲੋਂ ਵਿਸ਼ੇਸ਼ ਤੌਰ 'ਤੇ ਸਲਾਹਿਆ ਗਿਆ ਹੈ। ਡਾ. ਜਸਵੰਤ ਬੇਗੋਵਾਲ ਦੀ ਇਹ ਖਾਸੀਅਤ ਹੈ ਕਿ ਉਹ ਪਾਠ-ਅਧਾਰਿਤ ਆਲੋਚਨਾ ਦੇ ਖੇਤਰ ਵਿੱਚ ਵਿਸ਼ੇਸ਼ ਮੁਹਾਰਤ ਰੱਖਦਾ ਹੈ ਇਸੇ ਕਰਕੇ ਹੀ ਉਸਦੀਆਂ ਪੁਸਤਕਾਂ ਸਾਹਿਤ ਦੇ ਵਿਦਿਆਰਥੀਆਂ ਦੀਆਂ ਅਕਾਦਮਿਕ ਲੋੜਾਂ ਦੀ ਪੂਰਤੀ ਵੀ ਕਰਦੀਆਂ ਹਨ। ਦਰਜਨ ਤੋਂ ਉੱਪਰ ਸਿਰਜਨਾ/ਆਲੋਚਨਾ ਦੀਆਂ ਪੁਸਤਕਾਂ ਦਾ ਰਚਾਇਤਾ ਡਾ. ਬੇਗੋਵਾਲ ਆਪਣੀ ਸਮੀਖਿਆ ਪੁਸਤਕ 'ਆਧੁਨਿਕਤਾ ਅਤੇ ਆਧੁਨਿਕ ਪੰਜਾਬੀ ਕਾਵਿ ਧਰਾਵਾਂ' ਦਾ ਸੋਧਿਆ ਆਡੀਸ਼ਨ ਹੱਥਲੀ ਪੁਸਤਕ ਦੇ ਰੂਪ ਵਿੱਚ ਸਾਹਿਤ ਵਿਦਿਆਰਥੀਆਂ ਦੇ ਰੂ-ਬ-ਰੂ ਕਰ ਰਿਹਾ ਹੈ।

ਡਾ. ਜਸਵੰਤ ਬੇਗੋਵਾਲ ਨੇ ਆਪਣੀ ਇਸ ਸਮੀਖਿਆ ਪੁਸਤਕ 'ਆਧੁਨਿਕਤਾ ਅਤੇ ਆਧੁਨਿਕ ਪੰਜਾਬੀ ਕਾਵਿ ਧਾਰਵਾਂ' ਵਿੱਚ ਜਿਥੇ ਆਧੁਨਿਕਤਾ ਦੇ ਪਛਾਣ ਚਿਹਨਾਂ ਨੂੰ ਪ੍ਰਮਾਣਿਕ ਰੂਪ ਵਿੱਚ ਨਿਰਧਾਰਤ ਕਰਨ ਦਾ ਯਤਨ ਕੀਤਾ ਹੈ ਆਧੁਨਿਕਤਾ ਦੇ ਆਉਣ ਨਾਲ ਪੰਜਾਬੀ



ਕਾਵਿ-ਖੇਤਰ ਵਿੱਚ ਕਿਹੋ ਜਿਹੀਆਂ ਤਬਦੀਲੀਆਂ ਵਾਪਰੀਆਂ ਉਸ ਬਾਰੇ ਚਰਚਾ ਛੇੜੀ ਹੈ। ਉਸ ਨੇ ਆਧੁਨਿਕ ਪਦ ਦੀ ਵਿਆਖਿਆ ਕਰਦਿਆਂ ਡਾ. ਕਰਮਜੀਤ ਸਿੰਘ ਦੇ ਹਵਾਲੇ ਨਾਲ ਲਿਖਿਆ ਹੈ ਕਿ, 'ਸ਼ਾਇਦ ਇਹੀ ਕਾਰਨ ਹੈ ਕਿ ਵੇਲਾ ਇਹਾ ਚੁੱਕੀ ਪ੍ਰੰਪਰਾਗਤ ਅਤੇ ਨਵੀਨ ਸੰਵੇਦਨਾ ਨੂੰ ਨਿਖੇੜਨ ਵਾਲੀ ਤਰਕ-ਸੰਗਤ ਵਿਸ਼ਲੇਸ਼ਣੀ ਦ੍ਰਿਸ਼ਟੀ ਅਤੇ ਵਿਗਿਆਨਕ ਸੋਝੀ ਨੂੰ ਹਰ ਹਰ ਯੁੱਗ ਵਿੱਚ ਆਧੁਨਿਕਤਾ ਦਾ ਨਾਮ ਦਿੱਤਾ ਗਿਆ ਹੈ। ਡਾ. ਬੇਗੋਵਾਲ ਆਪਣਾ ਮੱਤ ਸਪੱਸ਼ਟ ਕਰਦਾ ਹੋਇਆ ਲਿਖਦਾ ਹੈ ਕਿ :

ਇਸ ਲਿਹਾਜ ਨਾਲ ਮੱਧਕਾਲ ਦਾ ਗੁਰੂ ਕਾਵਿ ਅਤੇ ਉਤਰੀ ਭਾਰਤ ਦਾ ਸੰਤ-ਕਾਵਿ ਆਧੁਨਿਕ ਰੁਚੀਆਂ ਹੀ ਅਪਨਾਉਂਦਾ ਜਾਪਦਾ ਹੈ ਇਨ੍ਹਾਂ ਸੰਤ ਸ਼ਾਇਰਾਂ ਨੇ ਵੀ ਸਮਾਜਿਕ ਸਿਸਟਮ ਵਿੱਚ ਪਰਿਵਰਤਨ ਲਿਆਉਣ ਲਈ ਉਸ ਸਮੇਂ ਦੇ ਲੋਕ ਚਿੰਤਨ ਅਤੇ ਮੁੱਲਾਂ ਨੂੰ ਹਲੂਣਿਆਂ ਵੀ ਅਤੇ ਨਕਾਰਿਆ ਵੀ। (ਪੰਨਾ 15)

ਡਾ. ਬੇਗੋਵਾਲ ਨੇ ਇਸੇ ਹੀ ਅਧਿਆਇ ਵਿੱਚ ਆਧੁਨਿਕ ਅਤੇ ਨੀਵਨ ਪਦ ਦਾ ਨਿਖੇੜਾ ਵੀ ਪ੍ਰਸਤੁਤ ਕੀਤਾ ਹੈ। ਜਿਸ ਤੋਂ ਇਲਾਵਾ ਪ੍ਰੰਪਰਾ ਅਤੇ ਆਧੁਨਿਕਤਾ ਦਾ ਅੰਤਰ-ਨਿਖੇੜ ਵੀ ਵਿਸਥਾਰਤ ਰੂਪ ਵਿੱਚ ਪੇਸ਼ ਕੀਤਾ ਗਿਆ ਹੈ ਅਤੇ ਪੰਜਾਬੀ ਕਵਿਤਾ ਦੇ ਹਵਾਲੇ ਨਾਲ ਆਧੁਨਿਕਤਾ ਦੇ ਆਉਣ ਨਾਲ ਕਾਵਿ-ਖੇਤਰ ਵਿੱਚ ਵਾਪਰੀਆਂ ਤਬਦੀਲੀਆਂ ਬਾਰੇ ਉਦਾਹਰਨਾਂ ਸਹਿਤ ਮੱਤ ਸਪੱਸ਼ਟ ਕੀਤਾ ਗਿਆ ਹੈ। ਇਸ ਸਮੀਖਿਆ ਪੁਸਤਕ ਆਧੁਨਿਕਤਾ ਅਤੇ ਆਧੁਨਿਕ ਪੰਜਾਬੀ ਕਾਵਿ ਧਾਰਾਵਾਂ ਵਿੱਚ ਵਿਦਵਾਨ ਲੇਖਕ ਨੇ ਆਧੁਨਿਕ ਪੰਜਾਬੀ ਕਾਵਿ ਪੰਜਾਬੀ ਧਾਰਾਵਾਂ ਬਾਰੇ ਇਸ ਪੁਸਤਕ ਦੇ ਅਗਲੇਰੇ ਪਾਠਾਂ ਵਿੱਚ ਵਿਸਥਾਰਤ ਰੂਪ ਵਿੱਚ ਚਰਚਾ ਛੇੜੀ ਹੈ। ਰਹੱਸਵਾਦੀ ਰੁਮਾਂਸਵਾਦੀ, ਪ੍ਰਗਤੀਵਾਦੀ, ਪ੍ਰਯੋਗਵਾਦੀ, ਸੁਹਜਵਾਦੀ, ਅਸਤਿਤਵਵਾਦੀ, ਜੁਝਾਰ ਵਿਦਰੋਹੀ ਕਾਵਿ ਧਾਰਵਾਂ ਦੇ ਸਿਧਾਂਤਕ ਰੂਪ ਤੇ ਚਰਚਾ ਕਰਨ ਨਾਲ-ਨਾਲ ਇਨ੍ਹਾਂ ਕਾਵਿ-ਧਾਰਾਵਾਂ ਤਹਿਤ ਕਾਵਿ ਸਿਰਜਨਾਂ ਕਰਨ ਵਾਲੇ ਪੰਜਾਬੀ ਕਵੀਆਂ ਦੇ ਕਾਵਿ ਹਵਾਲਿਆਂ ਨਾਲ ਉਨ੍ਹਾਂ ਦੀ ਸਬੰਧਿਤ ਕਾਵਿ ਧਾਰਾ ਨਾਲ ਪ੍ਰਤੀਬੱਧਤਾ ਨੂੰ ਸਪੱਸ਼ਟ ਕੀਤਾ ਗਿਆ ਹੈ। ਇਸ ਪੁਸਤਕ ਵਿੱਚ ਡਾ. ਬੇਗੋਵਾਲ ਨੇ ਉਨ੍ਹਾਂ ਕਵੀਆਂ ਬਾਰੇ ਵੀ ਆਲੋਚਨਾਤਮ ਟਿੱਪਣੀਆਂ ਦਰਜ ਕੀਤੀਆਂ ਹਨ ਜੋ ਕਿਸੇ ਵੀ ਲਹਿਰ ਨਾਲ ਪ੍ਰਤੀਬੱਧਤਾ ਨਾਲ ਨਹੀਂ ਜੁੜੇ ਪਰ ਫਿਰ ਵੀ ਪੰਜਾਬੀ ਕਵਿਤਾ ਦੇ ਖੇਤਰ ਵਿੱਚ ਉਨ੍ਹਾਂ ਦੇ ਯੋਗਦਾਨ ਨੂੰ ਅੱਖੋਂ-ਪਰੋਖੇ ਨਹੀਂ ਕੀਤਾ ਜਾ ਸਕਦਾ।

ਆਧੁਨਿਕਤਾ ਅਤੇ ਆਧੁਨਿਕ ਪੰਜਾਬੀ ਕਾਵਿ ਧਾਰਾਵਾਂ ਦੇ ਸੋਧੇ ਐਡੀਸ਼ਨ ਵਿੱਚ ਸਾਹਿਤ ਵਿਦਿਆਰਥੀਆਂ ਨੂੰ ਜਿਥੇ ਕੁਝ ਵਧੇਰੇ ਜਾਣਕਾਰੀ ਦਰਜ ਹੋਈ ਮਿਲੇਗੀ ਉਥੇ ਇਸ ਪੁਸਤਕ ਦੀ ਦਿਖ-ਪੱਖ ਵਿੱਚ ਖੂਬਸੂਰਤੀ ਨਜ਼ਰ ਆਵੇਗੀ। ਇਹ ਸਮੀਖਿਆ ਪੁਸਤਕ ਡਾ. ਬੇਗੋਵਾਲ ਦੀ ਸਾਹਿਤ ਸਮੀਖਿਆ ਨਾਲ ਨਿਰੰਤਰਤਾ ਨਾਲ ਜੁੜੇ ਰਹਿਣ ਦੀ ਗਵਾਹੀ ਭਰਦੀ ਹੈ ਅਤੇ ਨਾਲ ਹੀ ਇਸ ਗੱਲ ਨੂੰ ਪ੍ਰਮਾਣਿਤ ਕਰਦੀ ਹੈ ਉਹ ਸੰਕਲਪ ਜੋ ਕਈ ਵਾਰੀ ਪਹਿਲਾਂ ਸਪੱਸ਼ਟ ਰੂਪ ਵਿੱਚ ਪੇਸ਼ ਨਹੀਂ ਹੋ ਸਕੇ ਉਨ੍ਹਾਂ ਦੀ ਹੋਰ ਸਪੱਸ਼ਟਕਤਾ ਅਤੇ ਪ੍ਰਮਾਣਿਕਤਾ ਲਈ ਉਸੇ ਨੂੰ ਹੀ ਦੁਬਾਰਾ ਘੋਖ ਪੜਤਾਲ ਕੇ ਪੇਸ਼ ਕੀਤਾ ਜਾ ਸਕੇ। ਡਾ. ਬੇਗੋਵਾਲ ਇਸ ਕਾਰਜ ਲਈ ਵਧਾਈ ਦਾ ਹੱਕਦਾਰ ਹੈ।

**ਸਰਦੂਲ ਸਿੰਘ ਔਜਲਾ**
**ਪਿੰਡ - ਸੰਗੋਜਲਾ, ਜ਼ਿਲ੍ਹਾ- ਕਪੂਰਥਲਾ 144804, ਮੋ : 98141-68611**

***

# ਪਾਠਕ ਦਰਪਣ

ਪਿਆਰੇ ਵੀਰ ਸਤਵਿੰਦਰ ਬੇਗੋਵਾਲੀਆ

ਗੁਰ ਫਤਿਹ ਪਰਵਾਨ ਕਰਨੀ ਜੀ!

ਰੂਹ ਪੰਜਾਬੀ ਦਾ ਪਿਛਲਾ ਅੰਕ (ਅਕਤੂਬਰ-ਦਸੰਬਰ 2014) ਪੜ੍ਹਿਆ, ਮਾਣਿਆ! ਕੀ ਸਿਫਤ ਕਰਾਂ? ਸਾਰਾ ਮੈਟਰ ਹੀ ਵੰਨ-ਸੁਵੰਨਾ ਤੇ ਦਿਲ ਟੁੰਬਵਾਂ ਹੈ।

ਬੜਾ ਮੁਸ਼ਕਲ ਹੈ 'ਰੂਹ ਪੰਜਾਬੀ' ਕੀ ਕਹਾਨੀ ਲਿਖਨਾ।

ਜੈਸੇ ਬਹਿਤੇ ਹੂਏ ਪਾਨੀ ਪੇ ਪਾਨੀ ਲਿਖਨਾ।

ਚਾਹੇ ਮਿੰਨੀ ਕਹਾਣੀਆਂ ਹਨ ਕਵਿਤਾਵਾਂ ਗ਼ਜ਼ਲਾਂ ਤੇ ਗੀਤ ਹਨ।

ਲੇਖ ਹਨ ਜਾਂ ਰੀਵਿਊ ਰੀਪੋਰਟਾਂ, ਹਰ ਚੀਜ਼ ਦਿਲ ਨੂੰ ਛੂਹਣ ਵਾਲੀ ਹੈ! ਅਦਾਰਾ 'ਰੂਹ ਪੰਜਾਬੀ' ਦੇ ਸਾਰੇ ਪ੍ਰਬੰਧਕੀ ਬੋਰਡ ਮੈਂਬਰਾਂ ਕਾਮਿਆਂ ਲੇਖਕਾਂ ਨੂੰ ਨਵੇਂ ਸਾਲ ਦੀਆਂ ਢੇਰ ਸ਼ੁਭ ਕਾਮਨਾਵਾਂ!

**ਆਪ ਦਾ ਵੀਰ,**

**ਪ੍ਰੋ. ਜਸਵੰਤ ਸਿੰਘ ਕੈਲਵੀ**

***

ਪਿਆਰੇ ਸਤਵਿੰਦਰ ਬੇਗੋਵਾਲੀਆ ਜੀ,

ਨਿਘੀ ਸਲਾਮ।

'ਰੂਹ ਪੰਜਾਬੀ' ਭਾਸ਼ਾ ਵਿਭਾਗ ਦੀ ਲਾਇਬ੍ਰੇਰੀ ਵਿੱਚ ਦੇਖਿਆ। ਚੰਗਾ ਲੱਗਿਆ। ਆਪਣੀਆਂ ਦੋ ਗ਼ਜ਼ਲਾਂ ਭੇਜ ਰਿਹਾ ਹਾਂ।

ਇਸੇ ਤਰ੍ਹਾਂ ਹਰੇਕ ਅੰਕ ਨੂੰ ਹੋਰ ਵਧੀਆ ਬਣਾਉਣਾ ਚੰਗੇ ਕੰਮ ਲਈ ਮੁਬਾਰਕਾਂ।

**ਤੁਹਾਡਾ**

**ਸੁਰਜੀਤ ਖੁਰਮਾ**

***

ਸਤਿਕਾਰ ਯੋਗ ਡਾ. ਜਸਵੰਤ ਬੇਗੋਵਾਲ ਜੀ,

ਸਤਿ ਸ੍ਰੀ ਅਕਾਲ! ਰੂਹ ਪੰਜਾਬ ਦਾ ਪਿਛਲਾ ਅੰਕ ਪੜ੍ਹ ਕੇ ਬਹੁਤ ਹੀ ਵਧੀਆ ਲੱਗਿਆ। ਹਰ ਅੰਕ ਜ਼ਿੰਦਗੀ ਦੇ ਕਈ ਰੰਗ ਪਾਠਕਾਂ ਦੇ ਰੂ-ਬ-ਰੂ ਕਰਵਾਉਂਦਾ ਹੈ ਅਤੇ ਇਹ ਬਹੁਤ ਚੰਗਾ ਉਪਰਾਲਾ ਹੈ। ਦਾਸ ਇਸ ਲਈ ਪੂਰੀ 'ਰੂਹ ਪੰਜਾਬੀ' ਦੀ ਟੀਮ ਦਾ ਧੰਨਵਾਦ ਕਰਦਾ ਹੈ। ਵਾਹਿਗੁਰੂ ਅਗੇ ਅਰਦਾਸ ਹੈ ਇਹ ਮੈਗਜ਼ੀਨ ਦਿਨ ਦੂਣੀ ਅਤੇ ਰਾਤ ਚੌਗੁਣੀ ਤਰੱਕੀ ਕਰੇ। ਇਕ ਨਿਮਾਣੀ ਜਿਹੀ ਰਚਨਾ ਭੇਜ ਰਿਹਾ ਹਾਂ, ਉਮੀਦ ਹੈ ਆਪ ਆਪਣਾ ਅਸ਼ੀਰਵਾਦ ਬਖਸ਼ਿਸ਼ ਕਰੋਗੇ।

**ਆਪ ਜੀ ਦਾ**

**ਕਰਨਲ ਗੁਰਦੇਵ ਮੁਲਤਾਨੀ**

***

ਸਤਿਕਾਰਤ ਜਨਕਪ੍ਰੀਤ ਬੇਗੋਵਾਲ ਜੀ,



ਸਿਰਜਣਾ ਕੇਂਦਰ ਕਪੂਰਥਲਾ ਵੱਲੋਂ ਤੁਹਾਡਾ ਗ਼ਜ਼ਲ ਸੰਗ੍ਰਹਿ 'ਮੈਂ ਮੀਲ ਪੱਥਰ ਹਾਂ' ਲੋਕ-ਅਰਪਣ ਕਰਨ ਦੀ ਖ਼ਬਰ ਪੜ੍ਹਕੇ ਬੜੀ ਖੁਸ਼ੀ ਹੋਈ। ਤੁਹਾਨੂੰ ਬਹੁਤ-ਬਹੁਤ ਮੁਬਾਰਕਾਂ। ਰਾਹੀ ਲਈ ਰਸਤੇ ਦੀ ਗਤੀਸ਼ੀਲਤਾ ਵਧੇਰੇ ਮਹੱਤਵਪੂਰਨ ਹੈ ਜਾਂ ਮੀਲ ਪੱਥਰ ਇਹ ਸਵਾਲ ਬੜਾ ਪੇਚੀਦਾ ਹੈ। ਤੁਹਾਡਾ ਦਾਅਵਾ ਕਿ ਮੈਂ ਮੀਲ ਪੱਥਰ ਹਾਂ ਤੋਂ ਲਗਦਾ ਹੈ ਕਿ ਤੁਸੀਂ ਮੀਲ ਪੱਥਰ ਦੀ ਮਹੱਤਤਾ ਨੂੰ ਮਾਨਤਾ ਦਿੰਦੇ ਹੋ। ਪਰ ਮੇਰਾ ਮੱਤ ਹੈ ਕਿ ਰਸਤੇ ਦੀ ਗਤੀਸ਼ੀਲ ਤੋਰ ਹੀ ਮਾਨਵ-ਵਿਕਾਸ ਦੀ ਜਾਮਨ ਹੈ ਮੀਲ-ਪੱਥਰ ਵਾਂਗ ਗੱਡੇ ਜਾਣਾ ਨਹੀਂ। ਪੁਸਤਕ ਕਿਧਰੋਂ ਉਪਲੱਬਧ ਹੋਈ ਤਾਂ ਜ਼ਰੂਰ ਪਾਠ ਕਰਾਂਗਾ। ਹਾਲ ਦੀ ਘੜੀ ਸਮੁੱਚੀ ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ) ਰਜਿ: ਵੱਲੋਂ ਮੁਬਾਰਕਾਂ

**ਤੁਹਾਡਾ ਹਿੱਤੂ**

**ਤੇਜਵੰਤ ਮਾਨ** (ਡਾ.)

***

ਪਿਆਰੇ ਸਤਵਿੰਦਰ ਬੇਗੋਵਾਲੀਆ ਜੀ

ਆਪ ਵੱਲੋਂ ਭੇਜਿਆ 'ਰੂਹ ਪੰਜਾਬੀ' ਅਕਤੂਬਰ-ਦਸੰਬਰ 2014 ਅੰਕ ਮਿਲ ਗਿਆ ਹੈ। ਧੰਨਵਾਦੀ ਡਾ. ਜਸਵੰਤ ਬੇਗੋਵਾਲ ਨੇ ਸੰਪਾਦਕੀ ਵਿੱਚ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਗਲਤ ਜਾਣਕਾਰੀ ਦਿੰਦੀਆਂ ਪਾਠ-ਪੁਸਤਕਾਂ ਤਿਆਰ ਕਰਨ ਅਤੇ ਬੱਚਿਆਂ ਨੂੰ ਪੜ੍ਹਾਉਣ ਦੀ ਗੰਭੀਰ ਵਿਸ਼ਿਆਂ ਬਾਰੇ ਸਵਾਲ ਬਿਲਕੁੱਲ ਠੀਕ ਸਮੇਂ ਉੱਤੇ ਉਠਾਇਆ ਹੈ। ਇਕੱਲਾ ਪੰਜਾਬ ਸਕੂਲ ਸਿਖਿਆ ਬੋਰਡ ਹੀ ਨਹੀਂ ਸਗੋਂ ਭਾਸ਼ਾ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਹੋਰ ਕਈ ਅਦਾਰੇ ਵੀ ਗਲਤ ਤੱਥ ਪ੍ਰਕਾਸ਼ਤ ਨਹੀਂ ਕਰਦੇ ਸਗੋਂ ਮਾਨਵ ਸਿਰਜਨਾ ਸ਼ਕਤੀ ਰਹਿਤ ਪਾਠ ਕਰਮ ਤਿਆਰ ਕਰਦੇ ਹਨ ਜਿਸ ਨਾਲ ਬੱਚਿਆਂ ਦੀ ਮਾਨਸਿਕਤਾ ਨੂੰ ਸਿਰਜਨਾਤਮਕ ਮੁਲਾਂ ਦੀ ਥਾਂ ਕੇਵਲ ਅੰਕੜਾ ਭਰਪੂਰ ਆਰਥਿਕ ਵਿਕਾਸ ਨਾਲ ਜੋੜਿਆ ਜਾ ਰਿਹਾ ਹੈ। ਇਹ ਮਾਨਵ ਵਿਕਾਸ ਲਈ ਬੜਾ ਹੀ ਖਤਰਨਾਕ ਰੁਝਾਨ ਹੈ। ਮੇਰੀਆਂ ਰਚਨਾਵਾਂ ਪ੍ਰਕਾਸ਼ਤ ਕਰਨ ਲਈ ਧੰਨਵਾਦ।

**ਤੁਹਾਡਾ ਹਿੱਤੂ**

**ਤੇਜਵੰਤ ਮਾਨ** (ਡਾ.

***

ਸਤਿਕਾਰ ਯੋਗ ਸਤਵਿੰਦਰ ਜੀ

ਜੈ ਹਿੰਦ

ਰੂਹ ਪੰਜਾਬੀ ਦਾ (ਅਕਤੂਬਰ-ਦਸੰਬਰ-14) ਅੰਕ ਪ੍ਰਾਪਤ ਹੋਇਆ। ਸਾਹਿਤ ਦੇ ਵਿਹੜੇ ਵਿੱਚ ਦਾਖਲ ਇਹ ਮੈਗਜ਼ੀਨ ਨਵੀਆਂ ਪੁਲਾਂਘਾਂ ਪੁੱਟ ਕੇ ਪੈਰ ਜਮਾ ਰਿਹਾ ਹੈ। ਬਹੁਤ ਹੀ ਸੁੰਦਰ ਅਤੇ ਸਲਾਹੁਣਯੋਗ ਰਚਨਾਵਾਂ ਦੀ ਪ੍ਰਾਪਤੀ ਇਸ ਦੇ ਹਰੇਕ ਅੰਕ ਵਿੱਚ ਪ੍ਰਾਪਤ ਹੁੰਦੀ ਹੈ। ਹੋਰ ਤਰੱਕੀ ਦੀ ਉਮੀਦ ਵਿੱਚ

**ਸ਼ੁਭ ਇਛਾਵਾਂ ਸਹਿਤ**

**ਪੌਰਿੰਦਰ ਕੁਮਾਰ, #102, ਗਰੀਨ ਐਵਨਿਊ**

**ਬੀਬੀਵਾਲਾ ਰੋਡ, ਬਠਿੰਡਾ।**

***